# ਦੇਸ਼ ਦੀ ਆਜ਼ਾਦੀ - ਸੰਘਰਸ਼ ਦੇ ਸੁਰਖ - ਪੱਤਰੇ











## ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ-ਗਵਨ
## ਅਤੇ
## ਨਾਮਧਾਰੀ ਸ਼ਹੀਦੀ ਸਾਕੇ (1871-72 ਈ:)

Namdhari Elibrary NamdhariElibrary@gmail.com



Namdhari Elibrary NamdhariElibrary@gmail.com

# ਦੇਸ਼ ਦੀ ਆਜ਼ਾਦੀ-ਸੰਘਰਸ਼
# ਦੇ
# ਸੁਰਖ਼-ਪੱਤਰੇ

## ਸਤਿਗੁਰੂ ਰਾਮ ਸਿਘ ਜੀ ਦਾ ਪ੍ਰਦੇਸ-ਗਵਨ
## ਅਤੇ
## ਨਾਮਧਾਰੀ ਸ਼ਹੀਦੀ ਸਾਕੇ
## (1871-72 ਈ:)

ਸੁਵਰਨ ਸਿਘ ਵਿਰਕ

ਪੰਜਾਬ ਸਰਕਾਰ

Namdhari Elibrary NamdhariElibrary@gmail.com

# ਦੇਸ਼ ਦੀ ਅਜ਼ਾਦੀ-ਸੰਘਰਸ਼ ਦੇ ਸੁਰਖ਼-ਪੱਤਰੇ

**Desh Di Azadi Sangharsh De Surakh-Pattre**

ਲੇਖਕ : ਸੁਵਰਨ ਸਿੰਘ ਵਿਰਕ

ਪ੍ਰਕਾਸ਼ਕ : ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ

ਛਾਪਕ : ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ
ਨੇ ਰਾਜਧਾਨੀ ਪ੍ਰਿੰਟਰਜ਼, ਚੰਡੀਗੜ੍ਹ ਪਾਸੋਂ ਛਪਵਾਇਆ।

ਗਿਣਤੀ : 10,000

ਸਾਲ : ਫਰਵਰੀ 2008

Namdhari Elibrary NamdhariElibrary@gmail.com

# ਦੇਸ਼ ਦੀ ਆਜ਼ਾਦੀ-ਸੰਘਰਸ਼ ਦੇ ਸੁਰਖ਼-ਪੱਤਰੇ

17-18 ਜਨਵਰੀ 1872 ਈ. ਨੂੰ ਮਲੇਰਕੋਟਲੇ ਦੇ ਖ਼ੂਨੀ ਰੌਕੜ ਵਿੱਚ, ਜਿਸਨੂੰ ਕੂਕਿਆਂ ਦਾ ਖ਼ੂਨੀ ਰੌਕੜ ਵੀ ਕਹਿੰਦੇ ਹਨ, ਵਾਪਰਨ ਵਾਲਾ ਮਹਾਂ ਦੁਖਾਂਤ ਕੂਕਾ ਅੰਦੋਲਨ ਦਾ ਸਿਖਰ ਹੈ। ਕਿਉਂਜੁ ਇਹਨਾਂ ਦੋਹਾਂ ਦਿਨਾਂ ਵਿਚ ਜਿੱਥੇ 65 ਨਾਮਧਾਰੀ ਸਿੱਖ ਤੋਪਾਂ ਨਾਲ ਉਡਾਏ ਗਏ ਅਤੇ ਉੱਥੇ ਭਾਈ ਬਿਸ਼ਨ ਸਿੰਘ ਭੁਜੰਗੀ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਇਹ 17-18 ਜਨਵਰੀ 1872 ਈ. ਦੀ ਦਰਮਿਆਨੀ ਰਾਤ ਹੀ ਹੈ, ਜਦੋਂ ਨਾਮਧਾਰੀ ਪੰਥ ਦੇ ਹਿਰਦੇ-ਸਮਰਾਟ, ਭਾਰਤ-ਨਾਇਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੇ ਪ੍ਰਾਣਾਂ ਤੋਂ ਪਿਆਰੇ ਨਾਮਧਾਰੀ ਸਿੱਖਾਂ ਅਤੇ ਦੇਸ਼-ਭੂਮੀ ਤੋਂ ਵਿਛੋੜਾ ਦਿੱਤਾ ਗਿਆ। ਇਹਨਾਂ ਦਿਨਾਂ ਦੀ ਯਾਦ ਮਾਤਰ ਨਾਲ ਹੀ ਸਾਡੇ ਸੀਨੇ ਦੇ ਦਾਗ਼ ਮੁੜ ਹਰੇ ਹੋ ਜਾਂਦੇ ਹਨ।

ਇਸ ਸਾਕੇ ਦੀ ਖ਼ੂਨੀ ਦਾਸਤਾਨ ਨੂੰ ਬਿਆਨ ਕਰਨ ਤੋਂ ਪਹਿਲਾਂ ਇਸਦੇ ਪਿਛੋਕੜ ਤੇ ਇਕ ਪੰਛੀ ਝਾਤ ਮਾਰਨੀ ਜ਼ਰੂਰੀ ਹੈ। ਮਹਾਂਬਲੀ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਤੋਂ ਬਾਅਦ, ਸਿੱਖ-ਰਾਜ ਜਾਂ 'ਲਾਹੌਰ ਦਰਬਾਰ' ਦੇ ਨਾਂ ਨਾਲ ਜਾਣਿਆ ਜਾਂਦਾ ਸਾਰੇ ਪੰਜਾਬੀਆਂ ਦਾ ਸਾਂਝਾ ਰਾਜ ਹੌਲੇ ਹੌਲੇ ਤਾਸ਼ ਦੇ ਪੱਤਿਆਂ ਵਾਂਗ ਦਸਾਂ ਕੁ ਸਾਲਾਂ ਵਿੱਚ ਹੀ ਢਹਿ ਢੇਰੀ ਹੋ ਗਿਆ। ਜੰਗ ਅਰਾਵਾਦੀ ਦੀ ਘਾਣ ਨੇ, ਕੌਮੀ ਕਵੀ ਸ਼ਾਹ ਮੁਹੰਮਦ ਦੀ ਕਲਮ ਨੇ, ਪੰਜਾਬ ਦੀ ਤਕਦੀਰ ਤੇ ਵੈਣ ਪਾਉਂਦਿਆਂ ਆਪਣੀਆਂ ਫੌਜਾਂ ਦੇ ਕਦਰਦਾਨ, ਲਾਡਲੇ ਸ਼ੇਰੇ ਪੰਜਾਬ ਨੂੰ ਇਉਂ ਖ਼ੂਨ ਦੇ ਅਥਰੂ ਵਹਾਉਂਦਿਆਂ ਚੇਤੇ ਕੀਤਾ-

"ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ ਆਦਮੀ ਗੋਲੀਆਂ ਨਾਲ ਉੱਡਣ, ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।"

ਇਕ ਸਦੀ ਦੀਆਂ ਭਾਰੀ ਮੁਸ਼ੱਕਤਾਂ, ਕੁਰਬਾਨੀਆਂ, ਲਹੂ-ਡੋਹਲਵੀਆਂ ਲੜਾਈਆਂ ਤੋਂ ਬਾਅਦ ਜਿਹੜਾ ਪੰਜਾਬੀ ਰਾਜ ਕਾਇਮ ਹੋਇਆ ਸੀ ਉਸਦੇ ਤ੍ਰਾਸਦਿਕ ਅੰਤ ਦਾ ਚਿਤਰਣ ਸੰਤ ਨਿਧਾਨ ਸਿੰਘ 'ਆਲਿਮ' ਦੇ ਸ਼ਬਦਾਂ ਵਿਚ-"23 ਮਾਰਚ 1849 ਨੂੰ ਸਵੇਰੇ 7 ਵਜੇ ਸ਼ਾਹੀ ਮਹੱਲ ਵਿਚ ਪੰਜਾਬ ਦੀ ਅਜ਼ਾਦ ਹਕੂਮਤ ਦਾ ਛੇਕੜਲਾ-ਦਰਬਾਰ ਸਜਾਇਆ ਗਿਆ, ਜਿਸ ਵਿਚ ਬਾਲਕ ਦਲੀਪ ਸਿੰਘ ਆਪਣੇ ਪਿਤਾ ਜੀ ਦੇ ਤਖ਼ਤ ਤੇ ਅਖੀਰਲੀ ਵਾਰ ਬੈਠਾ। ਸਮੂਹ ਦਰਬਾਰੀਆਂ ਦੇ ਚਿਹਰੇ ਕੁਮਲਾਏ ਹੋਏ ਸਨ। ਉਹ ਹਰ ਨੁਕਤਾ ਨਿਗਾਹ ਨਾਲ ਵਹਿੰਦੀਆਂ ਕਲਾਂ ਦਾ ਨਕਸ਼ਾ ਪੇਸ਼



Namdhari Elibrary NamdhariElibrary@gmail.com

ਕਰ ਰਹੇ ਸਨ। ਹਰ ਇਕ ਸਰਦਾਰ ਦੇ ਦਿਲ ਅੰਦਰ ਸਹਿਮ ਪਰਤੀਤ ਹੋ ਰਿਹਾ ਸੀ, ਸਭ ਹਥਿਆਰਾਂ ਤੋਂ ਖਾਲੀ ਸਨ। ਐਲੀਅਟ ਸਾਹਿਬ ਅਤੇ ਸਰ ਹੈਨਰੀ ਲਾਰੇਂਸ ਦੇ ਆਉਣ ਤੇ ਸਭ ਨੇ ਬਾਹਰਲੇ ਦਰਵਾਜ਼ੇ ਅੱਗੇ ਉਹਨਾਂ ਦਾ ਸੁਆਗਤ ਕੀਤਾ। ਜਦੋਂ ਸਭ ਆਪੋ ਆਪਣੀ ਥਾਂ ਤੇ ਬਹਿ ਗਏ ਤਾਂ ਇਸ ਭਾਵ ਦਾ ਇਕ ਐਲਾਨ ਫ਼ਾਰਸੀ ਭਾਸ਼ਾ ਵਿਚ ਪੜ੍ਹ ਕੇ ਸੁਣਾਇਆ ਗਿਆ ਕਿ ਹੁਣ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਹ ਐਲਾਨ ਸੁਣਦਿਆਂ ਸਾਰੇ ਸੂਰਿਆਂ ਦੇ ਦਿਲਾਂ ਵਿਚ ਕਾਰੀ ਜਿਹੀ ਵਿਰ ਗਈ। ਦੀਵਾਨ ਦੀਨਾ ਨਾਥ ਨੇ, ਅੱਥਰੂਆਂ ਦੀ ਝੜੀ ਵਿਚ ਐਲਾਨ ਦੀ ਵਿਰੋਧਤਾ ਕਰਦਿਆਂ ਹੋਇਆਂ ਕਿਹਾ ਕਿ ਇਸ ਸਮੇਂ ਬਰਤਾਨਵੀ ਸਰਕਾਰ ਨੂੰ ਉਦਾਰਤਾ ਤੋਂ ਕੰਮ ਲੈਣਾ ਚਾਹੀਦਾ ਹੈ। ਇਹ ਗਲ ਵਿਚਾਰ ਯੋਗ ਹੈ ਕਿ ਨਪੋਲੀਅਨ ਬੋਨਾਪਾਰਟ ਨੂੰ ਹਰਾਉਣ ਤੋਂ ਪਿਛੋਂ, ਫਰਾਂਸ ਉਸਦੇ ਅਸਲ ਵਾਰਸਾਂ ਨੂੰ ਸਉਂਪ ਦਿੱਤਾ ਗਿਆ ਸੀ। ਇਸ ਲਈ ਇਸ ਵੇਲੇ ਪੰਜਾਬ ਮਹਾਰਾਜ ਦਲੀਪ ਸਿੰਘ ਦੇ ਹਵਾਲੇ ਕਿਉਂ ਨਾ ਕੀਤਾ ਜਾਵੇ? ਇਸ ਦੇ ਉਤਰ ਵਿਚ ਦੀਵਾਨ ਸਾਹਿਬ ਨੂੰ ਸਖਤ ਝਾੜ ਪਾਉਂਦਿਆਂ ਹੋਇਆਂ, ਐਲੀਅਟ ਸਾਹਿਬ ਨੇ ਆਖਿਆ, "ਚੁੱਪ ਹੋ ਜਾਓ। ਵਰਨਾ ਕਾਲੇ ਪਾਣੀ ਭੇਜ ਦੀਏ ਜਾਓਗੇ।"[1]

ਹੁਣ ਬਹੁਤ ਸਾਰੇ ਸਿਖ ਸਰਦਾਰ ਤਾਂ ਅੰਗਰੇਜ਼ਾਂ ਤੇ ਸਿਖਾਂ ਵਿਚਾਲੇ ਹੋਈਆਂ ਲੜਾਈਆਂ ਵਿਚ ਜੂਝ ਰਹੇ ਸਨ। ਜਿਹਨਾਂ ਨੂੰ ਸਰਕਾਰ ਖਰੀਦ ਨਹੀਂ ਸੀ ਸਕੀ। ਮਹਾਰਾਣੀ ਜਿੰਦ ਕੌਰ, ਅਟਾਰੀ ਵਾਲੇ ਸਰਦਾਰ, ਦੀਵਾਨ ਮੂਲਰਾਜ, ਲਾਲ ਸਿੰਘ ਮੋਰਾਰੀਆ, ਮਹਿਤਾਬ ਸਿੰਘ ਮਜੀਠੀਆ, ਹਾਕਿਮ ਰਾਇ, ਕੰਵਰ ਕਿਸ਼ਨ ਸਿੰਘ, ਅਰਜਨ ਸਿੰਘ ਅਤੇ ਦੀਵਾਨ ਬੂਟਾ ਸਿੰਘ ਆਦਿ ਗਰਿਫਤਾਰ ਕਰਕੇ ਅਲਾਹਾਬਾਦ ਕਿਲੇ ਵਿਚ ਭੇਜ ਦਿੱਤੇ ਗਏ ਸਨ। 1849 ਈ. ਵਿਚ ਭਾਈ ਮਹਾਰਾਜ ਸਿੰਘ ਨੂੰ ਮਹਾਰਾਜ ਦਲੀਪ ਸਿੰਘ ਨੂੰ ਅੰਗਰੇਜ਼ੀ ਹਿਰਾਸਤ ਵਿਚੋਂ ਖੋਹਣ ਦੇ ਦੋਸ਼ ਹੇਠ ਗ੍ਰਿਫਤਾਰ ਕਰਕੇ ਬਦੇਸ਼ ਭੇਜ ਦਿੱਤਾ ਗਿਆ ਸੀ। ਇਹਨਾਂ ਦਾ ਕੁਝ ਵਰ੍ਹੇ ਬਾਅਦ ਸਿੰਘਾਪੁਰ ਵਿਚ ਦੇਹਾਂਤ ਹੋ ਗਿਆ ਸੀ। ਹੁਣ ਅੰਗਰੇਜ਼ ਸਰਕਾਰ ਇਕ ਤਰ੍ਹਾਂ ਨਾਲ ਸਮੁੱਚੀ ਪੰਜਾਬੀ ਜਨਤਾ ਨੂੰ ਆਗੂ ਰਹਿਤ ਕਰਕੇ ਬੇਫਿਕਰ ਹੋ ਗਈ ਸੀ ਅਤੇ ਆਪਣੇ ਪਾਲਤੂ ਵਫਾਦਾਰਾਂ ਨੂੰ ਮਾਨ ਸਨਮਾਨਾਂ ਅਤੇ ਜਗੀਰਾਂ ਜਾਇਦਾਦਾਂ ਦੇ ਨਾਲ ਨਿਵਾਜ ਰਹੀ ਸੀ।

ਪੰਜਾਬੀ ਸ਼ੇਰਾਂ ਨੂੰ ਪਿੰਜਰੇ ਵਿਚ ਪਾ ਲੈਣ ਦਾ ਬਸਤੀਵਾਦੀ ਅੰਗਰੇਜ਼ ਹਾਕਮਾਂ ਦਾ ਭਰਮ ਛੇਤੀ ਹੀ ਟੁੱਟ ਗਿਆ। 12 ਅਪ੍ਰੈਲ 1857 ਮੁਤਾਬਿਕ ਵੈਸਾਖੀ 1914 ਬਿਕ੍ਰਮੀ ਨੂੰ ਜਿਲਾ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ, ਜਿਸਨੂੰ ਪਹਿਲਾਂ ਭੈਣੀ ਰਾਈਆਂ ਅਤੇ ਹੁਣ ਸ੍ਰੀ ਭੈਣੀ ਸਾਹਿਬ ਕਿਹਾ ਜਾਣ ਲੱਗਾ ਹੈ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸੇ ਦੀ ਪੁਨਰ ਸਥਾਪਨਾ ਕਰਕੇ, ਗੁਲਾਮੀ ਦੀਆਂ ਬੇੜੀਆਂ ਕੱਟਣ ਲਈ ਇਕ ਵਿਆਪਕ ਸੰਘਰਸ਼ ਦਾ ਮੁੱਢ



Namdhari Elibrary NamdhariElibrary@gmail.com

ਬੰਨ੍ਹ ਦਿੱਤਾ। ਸ੍ਰੀ ਸਤਿਗੁਰੂ ਜੀ ਜਿਹਨਾਂ ਦਾ ਅਵਤਰਣ 1872 ਬਿਕ੍ਰਮੀ ਦੀ ਬਸੰਤ ਪੰਚਮੀ, ਮੁਤਾਬਿਕ 3 ਫਰਵਰੀ 1816 ਈ. ਨੂੰ ਰਾਈਆਂ ਪਿੰਡ ਦੇ ਇਕ ਰਾਮਗੜ੍ਹੀਆ ਕਿਰਤੀ ਸਿੱਖ ਬਾਬਾ ਜੱਸਾ ਸਿਘ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਹੋਇਆ ਸੀ, ਆਪਣੀ ਭਰ ਜੁਆਨੀ ਦੇ 9 ਵਰ੍ਹੇ 1845 ਈ. ਤੱਕ ਲਹੌਰ ਸਿੱਖ ਸੈਨਾ ਵਿਖੇ ਬਿਤਾ ਚੁੱਕੇ ਸਨ। ਇਸ ਸਮੇਂ ਦੌਰਾਨ ਹੀ 1841ਈ. ਵਿਚ ਹਜਰੋ ਦੇ ਸਥਾਨ ਤੇ ਸੰਗਤਾਂ ਵਿਚ ਗੁਰ ਸਿੱਖੀ ਦੇ ਪਰਚਾਰ ਕਰਨ ਵਾਲੇ ਗੁਰੂ ਬਾਲਕ ਸਿਘ ਜੀ ਤੋਂ ਆਪ ਜੀ ਨੂੰ ਨਾਮ ਦੀ ਦਾਤ ਵੀ ਪਰਾਪਤ ਹੋਈ ਅਤੇ ਗੁਰੂ ਬਾਲਕ ਸਿਘ ਜੀ ਨੇ ਆਪ ਨੂੰ "ਈਸ਼ਵਰੀ ਅਵਤਾਰ" ਸਮਝਕੇ ਅਤੇ ਸੁਪਾਤਰ ਜਾਣ ਕੇ ਆਪਣੇ ਵੱਲੋਂ ਗੁਰਤਾ ਦੀ ਦਾਤ ਵੀ ਅਰਪਣ ਕਰ ਦਿੱਤੀ। 15-16 ਸਾਲ ਹੋਰ ਫੌਜ, ਰਾਜਗੀਰੀ, ਖੇਤੀ ਬਾੜੀ ਅਤੇ ਵਣਜ ਵਪਾਰ ਕਰਨ ਤੋਂ ਬਾਅਦ ਆਪਨੇ ਆਪਣੇ ਅਧਿਆਤਮਕ ਅਤੇ ਰਾਜਨੀਤਕ ਮਿਸ਼ਨ ਦੀ ਪੂਰਤੀ ਹਿਤ ਜਤਨ ਅਰੰਭ ਦਿੱਤੇ।

ਸਿੱਖ ਜੀਵਨ ਦਾ ਧੁਰਾ ਗੁਰਬਾਣੀ ਹੈ। ਆਪਨੇ ਆਪਣੀ ਸੰਗਤ ਨੂੰ ਬਾਣੀ ਅਤੇ ਬਾਣੇ ਨਾਲ ਜੋੜਿਆ। ਉਸ ਸਮੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆ ਬੀੜਾਂ "ਪਿੰਡਾਂ ਸ਼ਹਿਰਾਂ ਦੀਆਂ ਧਰਮਸ਼ਾਲਾਵਾਂ ਵਿਚ ਰੁਮਾਲਿਆਂ ਵਿਚ ਵਲ੍ਹੇਟੀਆਂ ਪਈਆਂ ਸਨ।" ਕਿਤੇ ਸਿਉਂਕ ਨੇ ਅੰਗ ਹੀ ਸਾਫ ਕਰ ਦਿੱਤੇ ਸਨ। ਕਿਤੇ ਚੂਹੇ ਰੁਮਾਲਿਆਂ ਨੂੰ ਟੁੱਕ ਰਹੇ ਸਨ। ਇਹਨਾਂ ਬੀੜਾਂ ਨੂੰ ਵਰ੍ਹਿਆਂ-ਬੱਧੀ ਕੋਈ ਪਰਕਾਸ਼ ਕਰਨ ਵਾਲਾ ਨਜ਼ਰ ਨਹੀਂ ਸੀ ਆ ਰਿਹਾ। ਸਤਿਗੁਰੂ ਜੀ ਜਿਸ ਪਿੰਡ ਵਿਚ ਜਾਂਦੇ ਪਹਿਲਾਂ ਧਰਮਸ਼ਾਲਾ ਵਿਚੋਂ ਬੀੜਾਂ ਦੀ ਖੋਜ ਕਰਕੇ ਪੂਰੇ ਅਦਬ ਸਤਿਕਾਰ ਨਾਲ ਉਹਨਾਂ ਦਾ ਪਰਕਾਸ਼ ਕਰਦੇ ਅਤੇ ਸੰਗਤ ਨੂੰ ਰੋਜ਼ਾਨਾ ਪਾਠ ਕਰਕੇ ਬਾਣੀ ਦਾ ਸਤਕਾਰ ਬਹਾਲ ਕਰਨ ਲਈ ਪਰੇਰਦੇ। ਮਹਾਰਾਣੀ ਜਿੰਦ ਕੌਰ ਦਾ ਦੀਵਾਨ ਬੂਟਾ ਸਿਘ ਅਲਾਹਾਬਾਦ ਕਿਲ੍ਹੇ ਵਿਚ ਸੱਤ ਸਾਲ ਕੈਦ ਕੱਟ ਕੇ ਆਉਣ ਬਾਅਦ ਆਪਦੀ ਸੋਅ ਸੁਣ ਕੇ ਨਾਮਧਾਰੀ ਸਿਘ ਸਜ ਗਿਆ ਅਤੇ ਲਹੌਰ ਵਿਚ ਉਸਨੇ "ਆਫਤਾਬ ਪੰਜਾਬ ਪਰੈਸ" ਨਾਮ ਦਾ ਇਕ ਵੱਡਾ ਛਾਪਾਖਾਨਾ ਖੋਹਲ ਲਿਆ। ਹੁਣ ਤਕ ਪਵਿੱਤਰ ਗੁਰਬਾਣੀ ਦੀਆਂ ਬੀੜਾਂ ਹੱਥ-ਲਿਖਤ ਹੀ ਸਨ। ਸਤਿਗੁਰੂ ਜੀ ਨੇ ਆਪਣੇ ਪਾਸੋਂ ਮਾਇਆ ਖਰਚ ਕਰਕੇ ਸ੍ਰੀ ਆਦਿ ਗਰੰਥ ਸਾਹਿਬ, ਪੰਜ-ਗਰੰਥੀ ਅਤੇ ਨਿਤਨੇਮ ਦੇ ਹੋਰ ਗੁਟਕੇ, ਪੋਥੀਆਂ ਇਸ ਪ੍ਰੈਸ ਵਿੱਚੋਂ ਛਪਵਾ ਕੇ ਗੁਰਦੁਆਰਿਆਂ ਵਿਚ ਪਰਕਾਸ਼ ਕਰਵਾਏ। ਇਉਂ ਪਹਿਲੀ ਵੇਰ ਵੱਡੀ ਪੱਧਰ ਤੇ ਗੁਰਬਾਣੀ ਦਾ ਪੰਜਾਬ ਵਿਚ ਪਰਚਾਰ ਪਰਸਾਰ ਸੰਭਵ ਹੋ ਗਿਆ। ਗੁਰਬਾਣੀ ਦੇ ਰੋਜ਼ਾਨਾ ਪਾਠ, ਨਾਮ-ਸਿਮਰਨ ਤੋਂ ਬਾਅਦ ਆਪਨੇ ਸਿੱਖੀ ਜੀਵਨ ਵਿਚ ਆਏ ਨਿਘਾਰ ਨੂੰ ਦੂਰ ਕਰਨ ਲਈ ਸ੍ਰੀ ਭੈਣੀ ਸਾਹਿਬ ਤੋਂ ਆਮ ਸੰਗਤ ਦੇ ਨਾਮ ਇਕ ਰਹਿਤਨਾਮਾ ਜਾਰੀ ਕੀਤਾ ਜਿਸ ਵਿਚ ਦਰਜ ਸੀ ਕਿ ਆਪ ਦੇ ਪੈਰੋਕਾਰ ਕੂਕੇ ਜਾਂ ਨਾਮਧਾਰੀ ਸਿੱਖ ਸਵਾ ਪਹਿਰ ਰਾਤ ਰਹਿੰਦੀ ਉਠ ਕੇ ਸਕੇਸ਼ ਇਸ਼ਨਾਨ ਕਰਕੇ ਨਾਮ ਬਾਣੀ ਦਾ ਜਾਪ ਕਰਨਗੇ। ਬਾਣੀ ਕੰਠ ਕਰਨਗੇ। ਮਾਸ ਸ਼ਰਾਬ ਜਾਂ ਕਿਸੇ



Namdhari Elibrary NamdhariElibrary@gmail.com

ਕਿਸਮ ਦਾ ਨਸ਼ਾ ਨਹੀਂ ਕਰਨਗੇ। ਪੰਜ ਕਕਾਰ ਧਾਰਨ ਕਰਨਗੇ। ਕਿਰਪਾਨ ਤੇ ਪਾਬੰਦੀ ਲਾ ਦਿੱਤੀ ਗਈ ਸੀ, ਇਸ ਲਈ ਸਦਾ ਜੰਗ-ਟਕੂਆ-ਜਾਂ ਮਜ਼ਬੂਤ ਲਾਠੀ ਰੱਖਣਗੇ। ਵਿਆਜ ਜਾਂ ਡੇਹਰੀ ਦੂਣੀ ਜਿਣਸ ਗਰੀਬਾਂ ਤੋਂ ਨਹੀਂ ਲੈਣਗੇ। ਨਾਰੀ ਜਾਤੀ ਤੇ ਆਪਦੇ ਬਹੁਤ ਉਪਕਾਰ ਹਨ। ਬਾਲ-ਵਿਆਹ ਬੰਦ ਕੀਤਾ। ਵੱਟੇ ਤੇ ਰੋਕ ਲਾਈ। ਕੁੜੀਆਂ ਵੇਚਣ ਤੇ ਮਾਰਨ ਤੇ ਵੀ ਮੁਕੰਮਲ ਰੋਕ ਲਾਈ। ਵਿਧਵਾ-ਵਿਆਹ ਉਤਸ਼ਾਹਿਤ ਕੀਤਾ। ਨਿਕੰਮੇਪੁਣੇ ਤੇ ਰੋਕ ਲਾ ਕੇ ਹਰ ਨਾਮਧਾਰੀ ਲਈ ਕਿਰਤ ਨੂੰ ਰੋਜ਼ਾਨਾ ਜੀਵਨ ਦਾ ਅੰਗ ਬਣਾਇਆ। ਪੰਜਾਬੀ ਭਾਸ਼ਾ ਗੁਰਮੁਖੀ ਅੱਖਰਾਂ ਵਿਚ, ਹਰ ਮਾਈ ਭਾਈ ਬੱਚੇ-ਬੁੱਢੇ ਲਈ ਪੜ੍ਹਨੀ ਲਾਜ਼ਮੀ ਕਰਾਰ ਦਿੱਤੀ ਤਾਂ ਜੁ ਆਪਣੇ ਇਤਿਹਾਸ, ਸੱਭਿਆਚਾਰ ਤੇ ਵਿਰਸੇ ਨਾਲ ਜੁੜਿਆ ਜਾ ਸਕੇ। ਚੋਰੀ, ਯਾਰੀ, ਠੱਗੀ, ਛਲ, ਕਪਟ, ਹੇਰਾ ਫੇਰੀ ਨੂੰ ਆਪਣੇ ਸਮਾਜ ਵਿੱਚੋਂ ਪੂਰੀ ਤਰ੍ਹਾਂ ਵਿਵਰਜਤ ਕੀਤਾ। ਕਿਸੇ ਦਾ ਵੀ ਮੰਦਾ ਕਰਮ ਨਾ ਛਿਪਾਉਣ ਦੀ ਹਦਾਇਤ ਕੀਤੀ। ਐਸੇ ਪੁਰਖਾਂ ਦਾ ਜੋ ਬਾਰ ਬਾਰ ਸਮਝਾਇਆਂ ਵੀ ਸੁਧਰਦੇ ਨਹੀਂ ਸਨ, ਆਪਣੀ ਸੰਗਤ ਵਿਚ ਦਾਖਲਾ ਬੰਦ ਕਰ ਦਿੱਤਾ। ਬੋਲ-ਕੁਬੋਲ ਸਹਿ ਜਾਣ ਲਈ ਕਿਹਾ। ਇਸ ਤਰ੍ਹਾਂ ਦੇ ਸਦ ਗੁਣਾਂ ਦੇ ਧਾਰਨੀ, ਜਾਗੇ ਹੋਏ ਮਨੁੱਖਾਂ ਵਿਚ ਫਿਰ ਦੇਸ਼-ਪ੍ਰੇਮ ਦੀ ਚਿਣਗ ਬਾਲ ਦਿੱਤੀ।

ਆਪ ਨੇ ਸਮਝ ਲਿਆ ਸੀ ਕਿ ਅੰਗਰੇਜ਼ ਬਸਤੀਵਾਦੀ ਸਰਕਾਰ, ਵਿਉਪਾਰਕ ਸਰਮਾਏਦਾਰੀ ਦੀ ਨੁਮਾਇੰਦਗੀ ਕਰਦੀ ਹੈ। ਇਸ ਲਈ ਇਸ ਦਾ ਮੁਕਾਬਲਾ ਕਰਨ ਲਈ ਅਸਹਿਯੋਗ-ਅੰਦੋਲਨ ਚਲਾਇਆ ਜਾਵੇ। "ਐਨਸਾਈਕਲੋਪੀਡੀਆ ਬਿਰਟੈਨਿਕਾ" ਦੇ ਮੁਤਾਬਿਕ-"(ਸਤਿਗੁਰੂ) ਰਾਮ ਸਿੰਘ ਸਿੱਖ ਦਾਰਸ਼ਨਿਕ ਅਤੇ ਸਮਾਜ ਸੁਧਾਰਕ ਅਤੇ ਪਹਿਲਾ ਭਾਰਤੀ ਸੀ, ਜਿਸਨੇ ਬਰਤਾਨਵੀ ਵਸਤੂਆਂ ਅਤੇ ਸੇਵਾਵਾਂ ਦੇ ਬਾਈਕਾਟ ਅਤੇ ਅਸਹਿਯੋਗ ਨੂੰ ਇਕ ਸਿਆਸੀ ਹਥਿਆਰ ਜਿਉਂ ਵਰਤਿਆ।"

ਆਪਨੇ ਕੂਕਾ ਜਥੇਬੰਦੀ ਨੂੰ ਆਪਣੇ ਵਡੇਰੇ ਕਾਰਜਾਂ ਦੀ ਪੂਰਤੀ ਹਿਤ ਤਿਆਰ ਕਰਨ ਲਈ, ਇਕ ਸ਼ਕਤੀਸ਼ਾਲੀ ਸੰਗਠਨ ਦੇ ਰੂਪ ਵਿਚ ਉਸਾਰਿਆ। ਕੌਮੀ ਸਵੈਮਾਨ ਨੂੰ ਗੋਰਾਸ਼ਾਹੀ ਦੇ ਹੈਂਕੜਬਾਜ਼ ਹੁਕਮਾਂ ਅੱਗੇ ਰੁਲਦਿਆਂ ਵੇਖ ਕੇ, ਜਿਹਨਾਂ ਦੀ ਗੈਰਤ ਅਜੇ ਮਰੀ ਮਿਟੀ ਨਹੀਂ ਸੀ, ਉਹ ਸਭ ਆਪਦੇ ਝੁਲਾਏ ਸਫੈਦ ਧਵਜ ਹੇਠਾਂ ਇਕੱਠੇ ਹੋਣੇ ਸ਼ੁਰੂ ਹੋ ਗਏ। ਅਜੇ ਕੱਲ੍ਹ ਪਰਸੋਂ ਹੀ ਤਾਂ ਇੱਥੇ ਪੰਜਾਬੀਆਂ ਦਾ ਸਾਂਝਾ ਰਾਜ ਸੀ, ਜਿੱਥੇ ਕਵੀ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ-

**"ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਵੱਡੀ ਆਫ਼ਾਤ ਆਈ।**
**ਸ਼ਾਹ ਮੁਹੰਮਦਾਂ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜਾਤ ਆਈ।"**



Namdhari Elibrary NamdhariElibrary@gmail.com

ਕਵੀ ਸ਼ਾਹ ਮੁਹੰਮਦ ਦੇ ਸਮੇਂ ਉਨ੍ਹੀਵੀਂ ਸਦੀ ਦੇ ਅੰਤ ਤੱਕ, ਅੱਜੇ ਇਕ ਰਾਸ਼ਟਰ ਦਾ ਸੰਕਲਪ ਅਤੇ ਉਸ ਨਾਲ ਜੁੜੀਆਂ ਕੌਮੀਅਤਾਂ ਦੀ ਪਹਿਚਾਣ ਦਾ ਮਸਲਾ ਏਨਾ ਉਭਰਿਆ ਨਹੀਂ ਸੀ ਇਸ ਲਈ ਉਹ ਹਿੰਦੂ ਸ਼ਬਦ ਨੂੰ ਵੀ ਸਿੱਖ ਦੀ ਪਰਿਆਇਵਾਚੀ ਸ਼ਬਦਾਵਲੀ ਵਿਚ ਰੱਖ ਕੇ, ਦੂਜੀ ਧਿਰ ਮੁਸਲਮਾਨ ਅਤੇ ਤੀਜੀ ਜਾਤ ਅੰਗਰੇਜ਼ਾਂ ਨੂੰ ਗਿਣਦਾ ਹੈ। ਸਾਡਾ ਇਹੋ ਸ਼ਾਇਰ, ਹਿੰਦੂ, ਮੁਸਲਿਮ ਭਾਈਚਾਰੇ ਦਾ ਉਚ ਮੁਲੰਕਣ ਕਰਦਾ ਹੋਇਆ ਅੰਗਰੇਜ਼ਾਂ ਨੂੰ ਪੈਸੇ ਦੇ ਪੀਰ ਅਤੇ ਟਕਿਆਂ ਦੇ ਲੋਭੀ ਦੱਸਦਾ ਹੋਇਆ ਉਹਨਾਂ ਦੀਆਂ ਵਪਾਰਕ ਖਸਲਤਾਂ ਦੀ ਨਿਖੇਧੀ ਵੀ ਕਰਦਾ ਹੈ-

**"ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ, ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।**
**ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ, ਉਹਦੇ ਨਾਲ ਕੀ ਕਿਸੇ ਦਾ ਵਾਸਤਾ ਈ।**
**ਉਹਦੇ ਨਾਲ ਨਾ ਫਿਰਕੇ ਗੱਲ ਕਰਨੀ, ਖ਼ੁਦੀ ਆਪਣੀ ਵਿਚ ਮਹਾਸਤਾ ਈ।**
**ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ, ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ ਈ। 103।"**

ਸਿੰਘਾਂ ਦੇ ਕੰਮ ਨੂੰ ਰਾਹ ਰਸਤੇ ਲਿਆਉਣ ਦਾ ਕੰਮ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਪੰਥ ਦੀ ਸਿਰਜਨਾ ਦੁਆਰਾ ਕੀਤਾ। ਆਪ ਦੀ ਸਿੱਖਿਆ ਦਾ ਸਾਰ ਤੱਤ ਭਾਈ ਨਾਹਰ ਸਿੰਘ ਜੀ ਦੇ ਇਹਨਾਂ ਸ਼ਬਦਾਂ ਵਿਚ ਅੰਕਿਤ ਹੈ-"ਗੁਰੂ ਰਾਮ ਸਿੰਘ ਜੀ ਨੇ ਸਿੱਖੀ ਧਰਮ, ਸੇਵਾ, ਪਰਉਪਕਾਰ, ਸਵੱਛ ਰਹਿਣੀ, ਸਦਾਚਾਰ ਭਰੀ ਬਹਿਣੀ, ਸੱਚ ਕਹਿਣੀ ਅਤੇ ਨਿਰਮਲ ਕਰਨੀ ਦੀਆਂ ਉਚੀਆਂ ਸਿਖਲਾਵਾਂ ਦਿੱਤੀਆਂ। ਕੁਰੀਤੀਆਂ ਅਤੇ ਭੈੜੇ ਰਿਵਾਜਾਂ ਤੋਂ ਸਾਫ ਕਰਕੇ, ਸਾਦਾ ਜੀਵਨ ਬਿਤਾਉਣ ਦੀਆਂ ਜਾਚਾਂ ਦੱਸੀਆਂ। ਆਪ ਜੀ ਦਾ ਇਹ ਪੱਕਾ ਨਿਸ਼ਚਾ ਸੀ ਕਿ ਕੋਈ ਵੀ ਦੇਸ਼ ਜਾਂ ਕੌਮ ਸਿਆਸੀ ਤੌਰ ਤੇ ਪਰਾਧੀਨ ਜਾਂ ਗੁਲਾਮ ਰਹਿਕੇ ਆਤਮਿਕ, ਸਮਾਜਿਕ ਅਤੇ ਆਰਥਿਕ ਤਰੱਕੀ ਨਹੀਂ ਕਰ ਸਕਦਾ। ਕੌਮੀ ਤਰੱਕੀ ਲਈ ਸਭ ਤੋਂ ਪਹਿਲੇ ਇਹ ਜ਼ਰੂਰੀ ਹੈ ਕਿ ਸਮਾਜ ਦਾ ਹਰ ਇਕ ਇਨਸਾਨ, ਆਪਣੀ ਰੋਜ਼ੀ ਕਮਾਉਣ ਦੇ ਵਸੀਲਿਆਂ ਵਿਚ ਕਿਸੇ ਹੋਰ ਦਾ ਦਾਸ ਨਾ ਹੋਵੇ। ਉਸ ਪਾਸ ਸ਼ਰੀਰਕ ਬਲ, ਅਕਲ, ਸਾਹਸ, ਨਰੋਆ ਸਰੀਰ, ਮਿਹਨਤ ਕਰਨ ਦੀ ਆਦਤ ਹੁੰਦਿਆਂ ਹੋਇਆਂ, ਉਹ ਉਪਜੀਵਕਾ ਹਾਸਲ ਕਰਨ ਲਈ, ਕਿਸੇ ਧਨਾਢ ਅਤੇ ਸਾਹੂਕਾਰ ਦਾ ਮੁਥਾਜ ਨਾ ਹੋਵੇ। ਆਪ ਜੀ ਦਾ ਉਪਦੇਸ਼ ਸੀ ਕਿ ਹਰ ਇਕ ਆਦਮੀ ਹੱਥੀ ਮਿਹਨਤ ਕਰਕੇ ਜੀਵਨ ਬਿਤਾਵੇ। ਕੋਈ ਵਿਹਲਾ ਨਾ ਰਹੇ। ਨਾ ਹੀ ਧਰਮ ਦੇ ਨਾਮ ਤੇ ਅਤੇ ਨਾ ਹੀ ਧਨੀ ਹੋਣ ਦੀ ਹੈਸੀਅਤ ਵਿਚ। ਧੋਖੇ ਨਾਲ ਧਨ ਇਕੱਠਾ ਕਰ ਕੇ ਇਤਨੇ ਉੱਚੇ ਬਨਣ ਦੀ ਕੋਸ਼ਿਸ਼ ਨਾ ਕਰੋ ਕਿ ਨਾਲ ਰਹਿਣ ਵਾਲੇ ਹਜ਼ਾਰਾਂ ਗਰੀਬਾਂ ਦੀਆਂ ਟੁੱਟੀਆਂ ਛੰਨਾਂ ਦੇ ਕੋਲ, ਤੁਹਾਡਾ ਹੀ ਇਕੋ ਇਕ ਮਹਿਲ ਹੋਵੇ। ਸਗੋਂ ਇਹ ਉਦਮ ਕਰੋ ਕਿ ਗਰੀਬ ਬੰਦੇ ਦਲਿੱਦਰਤਾ ਦੇ ਚਿੱਕੜ ਵਿਚੋਂ ਨਿਕਲ ਕੇ, ਇਨਸਾਨੀ ਭਾਈਚਾਰੇ ਵਿਚ, ਤੁਹਾਡੇ ਨਾਲ ਇਕ ਸਨਮਾਨ ਵਾਲੀ ਥਾਂ ਤੇ ਖਲੋ ਸੱਕਣ। ਧਨ, ਜਾਇਦਾਦ, ਵਿਦਿਆ,



Namdhari Elibrary NamdhariElibrary@gmail.com

ਜਪ, ਤਪ, ਭਜਨ, ਬੰਦਗੀ ਆਦਿ ਤੋ ਪਰਾਪਤ ਫੋਕੀ ਵਡਿਆਈ ਨੂੰ ਤੋੜਨ ਲਈ, ਇਹ ਰਿਵਾਜ ਚਲਾਇਆ ਕਿ ਮਿਲਣ ਸਮੇਂ ਇਕ ਨਾਮਧਾਰੀ ਦੂਸਰੇ ਨਾਮਧਾਰੀ ਦੇ ਚਰਨਾਂ ਨੂੰ ਹੱਥ ਜ਼ਰੂਰ ਲਾਵੇ। ਆਪ ਜੀ ਦੇ ਖਿਆਲਾਂ ਅਨੁਸਾਰ ਸਮਾਜ ਸਮਾਨਤਾ ਦਾ ਯੁੱਗ ਲਿਆਉਣ ਲਈ, ਇਹ ਜਰੂਰੀ ਹੈ ਕਿ ਵੱਡਿਆਂ ਨੂੰ ਨੀਵੀਂ ਪੱਧਰ ਤੇ ਲਿਆਂਦਾ ਜਾਵੇ ਅਤੇ ਨੀਵਿਆਂ ਨੂੰ ਚੁੱਕ ਕੇ ਉਚੀ ਥਾਂ ਤੇ ਲਿਆ ਖੜ੍ਹਾ ਕੀਤਾ ਜਾਵੇ।"[2]

ਆਪਦੇ ਸੰਗਠਨ ਦੀ ਮੁੱਢਲੀ ਇਕਾਈ ਕਿਸੇ ਵੀ ਪਿੰਡ ਜਾਂ ਨਗਰ ਦੀ ਨਾਮਧਾਰੀ ਸੰਗਤ ਸੀ। ਇਸ ਸੰਗਤ ਦਾ ਇਕ ਮੁਖੀ ਸਿੰਘ ਹੁੰਦਾ ਸੀ ਜਿਸਨੂੰ ਕਈ ਵੇਰ ਮਹੰਤ ਜਾਂ ਜਥੇਦਾਰ ਵੀ ਕਹਿ ਦਿੱਤਾ ਜਾਂਦਾ ਸੀ। ਕਈ ਪਿੰਡਾਂ ਜਾਂ ਤਪਿਆਂ ਦੀ ਸੰਗਤ ਤੇ ਵੀ ਇਕ ਜਥੇਦਾਰ ਹੁੰਦਾ ਸੀ। ਜਿਲ੍ਹੇ ਵਾਸਤੇ ਇਕ ਸੂਬਾ ਜਾਂ ਵੱਡਾ ਜ਼ਿਲਾ ਹੋਣ ਤੇ ਇਕ ਜਾਂ ਦੋ ਸੂਬੇ ਉਸਦੇ ਮਤਾਹਿਤ ਵੀ ਹੁੰਦੇ ਸਨ। ਕੁਝ ਸੂਬੇ ਬਦੇਸ਼ਾਂ ਵਿਚ ਪਰਚਾਰ ਲਈ ਵੀ ਥਾਪੇ ਗਏ ਸਨ। ਜਿਹੜੇ ਪਹਿਲੇ ਪੰਜ ਸੂਬੇ ਆਪਨੇ ਥਾਪੇ ਸਨ ਉਹ ਸਨ-(1) ਸੂਬਾ ਜਵਾਹਰ ਸਿੰਘ ਝਰੌਲੀ ਭਾਈ (ਫਿਰੋਜ਼ਪੁਰ), (2) ਸੂਬਾ ਕਾਨ੍ਹ ਸਿੰਘ ਚੱਕ ਕੂਕਿਆਂ ਦਾ (ਰਿਆਸਤ ਮਲੇਰ ਕੋਟਲਾ (3) ਸੂਬਾ ਸੁੱਧ ਸਿੰਘ ਮੜੌਰ (ਅੰਬਾਲਾ) (4) ਸੂਬਾ ਸਾਹਿਬ ਸਿੰਘ ਬੰਗਾਲੀ ਪੁਰ (ਅੰਮ੍ਰਿਤਸਰ) (5) ਸੂਬਾ ਲੱਖਾ ਸਿੰਘ ਮਲੌਦ (ਲੁਧਿਆਣਾ)।

ਇਹ ਪੰਜੇ ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਪੇਸ਼ਾਇਤੀ ਸੂਬੇ ਸਨ। ਪ੍ਰਧਾਨ ਸੂਬੇ ਜਵਾਹਰ ਸਿੰਘ ਸਨ। ਜਦੋਂ 1863 ਈ. ਵਿਚ ਘੋਟਿਆਂ ਦੇ ਅਨੰਦ ਕਾਰਜਾਂ ਦੀ ਮਰਿਆਦਾ ਸ਼ੁਰੂ ਕਰਨ ਬਾਅਦ, ਕੂਕਿਆਂ ਦੁਆਰਾ ਵੱਡੀ ਪੱਧਰ ਤੇ ਮੜ੍ਹੀਆਂ, ਗੋਰਾਂ ਆਦਿ ਢਾਹੁਣ ਤੋਂ ਬਾਅਦ, ਪੰਜਾਬ ਸਰਕਾਰ ਨੇ ਸਤਿਗੁਰੂ ਜੀ ਦੇ ਪਰਚਾਰ ਅਤੇ ਨਾਮਧਾਰੀ ਸੰਗਠਨ ਵਿਚੋਂ ਬਗਾਵਤ ਉਭਰਦੀ ਅਨੁਭਵ ਕਰਕੇ, ਆਪ ਨੂੰ ਪੰਜਾਬ ਵਿਚ ਖੁੱਲਮ ਖੁੱਲਾ ਪਰਚਾਰ ਦੌਰੇ ਨਾ ਕਰਨ ਦੇਣ ਦੀ ਰੋਕ ਲਾ ਕੇ ਸ੍ਰੀ ਭੈਣੀ ਸਾਹਿਬ ਵਿਚ ਹੀ ਪੰਜ ਸੂਬਿਆਂ ਸਮੇਤ ਜੂਹਬੰਦ ਕਰ ਦਿੱਤਾ, ਤਾਂ ਆਪ ਜੀ ਨੇ ਸਤਾਰਾਂ ਹੋਰ ਸੂਬੇ ਥਾਪ ਦਿੱਤੇ ਜਿਹਨਾਂ ਦੇ ਨਾਂ ਸਨ ਸਰਮੁੱਖ ਸਿੰਘ ਲੱਲੂਵਾਲ ਰਿਆਸਤ ਪਟਿਆਲਾ, ਗੋਪਾਲ ਸਿੰਘ ਰੱਖੜਾ ਮੰਥੇਤ (ਰਿਆਸਤ ਪਟਿਆਲਾ), ਹੁਕਮਾ ਸਿੰਘ ਪਿੱਥੋ (ਰਿਆਸਤ ਨਾਭਾ), ਰਤਨ ਸਿੰਘ ਉਰਫ ਗਿਆਨ ਸਿੰਘ ਜਾਂ ਗਿਆਨੀ ਸਿੰਘ ਮੰਡੀ ਕਲਾਂ ਪਟਿਆਲਾ, ਖੁਸ਼ਹਾਲ ਸਿੰਘ ਪਿੰਡ ਥਰਾਜ (ਸਿਰਸਾ), ਬ੍ਰਹਮਾ ਸਿੰਘ ਦਰੀਆਪੁਰ (ਕਰਨਾਲ), ਪਹਾੜਾ ਸਿੰਘ ਮਲੌਦ (ਲੁਧਿਆਣਾ), ਨਰਾਇਣ ਸਿੰਘ ਖਟੜੇ (ਲੁਧਿਆਣਾ), ਮਾਨ ਸਿੰਘ ਸੈਦੇ (ਫਿਰੋਜ਼ਪੁਰ), ਮਲੂਕ ਸਿੰਘ ਭੁਲੇਰਵਾਲ (ਫਿਰੋਜ਼ਪੁਰ), ਸਮੁੰਦ ਸਿੰਘ ਘੋਟੇ (ਫਿਰੋਜ਼ਪੁਰ), ਖਜਾਨ ਸਿੰਘ ਲਧਾਣਾ (ਜਲੰਧਰ), ਬੂਟਾ ਸਿੰਘ ਬੰਗਾਲੀਪੁਰ (ਅੰਮ੍ਰਿਤਸਰ), ਭਗਵਾਨ ਸਿੰਘ ਵੈਰੋਵਾਲ (ਅੰਮ੍ਰਿਤਸਰ), ਜਮੀਅਤ ਸਿੰਘ ਗਿੱਲ (ਸਿਆਲਕੋਟ), ਰਾਜਾ ਸਿੰਘ ਤਰਾਂਗੀ (ਸਿਆਲਕੋਟ) ਅਤੇ ਜੈਤਾ ਸਿੰਘ ਢਪਈ (ਸਿਆਲਕੋਟ)।

ਜਦੋਂ ਇਹਨਾਂ ਸਤਾਰਾਂ ਸੂਬਿਆਂ ਦੇ ਸੁਤੰਤਰ ਘੁੰਮ-ਫਿਰ ਕੇ ਨਾਮਧਾਰੀ ਮੱਤ ਦੇ ਪਰਚਾਰ ਕਰਨ ਤੇ ਵੀ ਰੋਕ ਲਾ ਦਿੱਤੀ ਗਈ ਸਰਕਾਰ ਵੱਲੋਂ ਅਤੇ ਕਮਿਸ਼ਨਰ ਅੰਬਾਲਾ ਇਸ ਕਿਸਮ ਦਾ ਆਦੇਸ਼ ਦੇਣ ਲਈ ਸ੍ਰੀ ਭੈਣੀ ਸਾਹਿਬ ਪੁੱਜਾ ਅਤੇ ਸਤਿਗੁਰੂ ਜੀ ਨੂੰ ਕਹਿਣ ਲੱਗਾ-"ਪਹਿਲਾਂ ਅਸੀਂ ਤੁਹਾਡੇ ਅਤੇ ਪੰਜਾਂ ਸੂਬਿਆਂ ਤੇ ਰੋਕ ਲਾਈ ਸੀ, ਤੁਸਾਂ ਸਤਾਰਾਂ ਹੋਰ ਥਾਪ ਦਿੱਤੇ ਅਸੀਂ ਉਹਨਾਂ ਤੇ ਵੀ ਰੋਕ ਲਾ ਦਿੱਤੀ ਹੈ। ਬਾਬਾ ਸਾਹਿਬ! ਅਬ ਕਿਆ ਕਰੋਗੇ? ਸਤਿਗੁਰੂ ਜੀ ਵਜਦ ਵਿੱਚ ਆ ਗਏ ਅਤੇ ਹਿੱਕ ਥਾਪੜ ਕੇ ਫੁਰਮਾਇਆ "ਬਿਲਿਓ ਤੁਸੀਂ ਇਕ ਰਾਮ ਸਿੰਘ ਨੂੰ ਰੋਕਦੇ ਹੋ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।" ਕਮਿਸ਼ਨਰ ਨਿੰਮੋਝੂਣਾ ਹੋਕੇ ਮੁੜ ਆਇਆ ਅਤੇ ਸਤਿਗੁਰੂ ਜੀ ਦਾ ਇਹ ਬਚਨ ਸੁਣ ਕੇ ਨਾਮਧਾਰੀ ਸਿੰਘਾਂ ਨੇ ਬਾਊ-ਬਾਈਂ ਪੰਥਕ ਸਰਗਰਮੀਆਂ ਲਈ ਕਮਰਾਂ ਕੱਸ ਲਈਆਂ। ਅੰਤ ਕੂਕੇ ਸਿੰਘ ਦੀ ਗਿਣਤੀ ਸਾਰੀਆਂ ਰੋਕਾਂ ਦੇ ਬਾਵਜੂਦ ਵੀ ਜਦੋਂ ਵਧਦੀ ਗਈ ਤਾਂ 1866 ਈ. ਦੇ ਅੰਤ ਤੱਕ ਸਰਕਾਰ ਨੂੰ ਆਪਣੀਆਂ ਪਾਬੰਦੀਆਂ ਨਰਮ ਕਰਨ ਲਈ ਮਜਬੂਰ ਹੋਣਾ ਪਿਆ।

1867 ਈ. ਦੇ ਹੋਲੇ ਮਹੱਲੇ ਤੇ ਅਨੰਦਪੁਰ ਸਾਹਿਬ ਜਾਣ ਲਈ ਸਤਿਗੁਰੂ ਜੀ ਨੇ ਆਪਣੀ ਮਨਸ਼ਾ ਜਦੋਂ ਸਰਕਾਰੀ ਹਾਕਮਾਂ ਨੂੰ ਦੱਸ ਦਿੱਤੀ ਤਾਂ ਇਸ ਡਰ ਤੋਂ ਸਰਕਾਰ ਨੂੰ ਮਨਜ਼ੂਰੀ ਦੇਣੀ ਪਈ ਕਿ ਉਹ ਬਿਨਾਂ ਇਜਾਜ਼ਤ ਵੀ ਹਜ਼ਾਰਾਂ ਨਾਮਧਾਰੀਆਂ ਦੀ ਸੰਗਤ ਸਮੇਤ ਇਸ ਪੁਰਬ ਤੇ ਜ਼ਰੂਰ ਪਹੁੰਚਣਗੇ। ਇਸ ਵਰ੍ਹੇ ਵਿਚ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੇ ਫਿਰ ਅੰਮ੍ਰਿਤਸਰ ਦੀ ਦੀਵਾਲੀ ਤੇ ਸਤਿਗੁਰੂ ਜੀ ਵੀਹ ਤੋਂ ਤੀਹ ਹਜ਼ਾਰ ਦੇ ਦਰਮਿਆਨ ਨਾਮਧਾਰੀ ਸਿੰਘਾਂ ਸਮੇਤ ਪੁੱਜਦੇ ਰਹੇ। ਦੋਹਾਂ ਥਾਵਾਂ ਤੇ ਹੀ ਅੰਗਰੇਜ਼ੀ ਸਰਕਾਰ ਨੇ ਆਪਣੇ ਉਚ ਸਿਵਿਲ ਅਧਿਕਾਰੀਆਂ ਤੇ ਭਾਰੀ ਪੁਲੀਸ-ਬਲ ਨੂੰ ਤੈਨਾਤ ਕੀਤਾ ਸੀ ਕਿਉਂਕਿ ਪਹਿਲਾਂ ਤਾਂ ਅਨੰਦਪੁਰ ਦੇ ਤਖਤ ਕੇਸਗੜ੍ਹ ਸਾਹਿਬ ਦੇ ਪੁਜਾਰੀਆਂ ਵੱਲੋਂ ਸਰਕਾਰ ਨੂੰ ਇਹ ਇਤਲਾਹ ਦਿੱਤੀ ਗਈ ਸੀ ਕਿ ਕੂਕੇ ਉਹਨਾਂ ਦੇ ਤਖਤ ਤੇ ਕਬਜ਼ਾ ਕਰਨ ਆ ਰਹੇ ਹਨ। ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਮਿ. ਪਰਕਿਨਜ਼, ਪੰਜਾਬ ਪੁਲੀਸ ਦਾ ਡੀ ਆਈ ਜੀ ਮਿ. ਮੈਕ ਐਂਡਰਿਊ ਅਤੇ ਜਲੰਧਰ ਦਾ ਕਮਿਸ਼ਨਰ ਮਿ. ਫੋਰਸਾਈਥ ਆਦਿਕ ਨੇ ਸਤਿਗੁਰੂ ਜੀ ਦੇ ਸੰਗਤ ਵਿਚ ਵੀ ਦਰਸ਼ਨ ਕੀਤੇ ਅਤੇ ਫਿਰ ਆਪਣੇ ਕੈਂਪ 'ਚ ਦਰਸ਼ਨ ਦੇਣ ਦੀ ਬੇਨਤੀ ਕੀਤੀ। ਇਹ ਸਾਰੇ ਅਧਿਕਾਰੀ ਨਾਮਧਾਰੀ ਸੰਗਤ ਦੇ ਕਰੜੇ ਅਨੁਸ਼ਾਸਨ ਅਤੇ ਜ਼ਾਬਤਾ ਬੱਧ ਜੀਵਨ ਪ੍ਰਣਾਲੀ ਤੋਂ ਬੜੇ ਮੁਤਾਸਰ ਹੋਏ। ਪੁਜਾਰੀਆਂ ਨੇ ਆਪ ਅਰਦਾਸ ਨਾ ਕੀਤੀ। ਬਾਅਦ ਵਿਚ ਅੰਮ੍ਰਿਤਸਰ ਦੀ ਦੀਵਾਲੀ ਸਮੇਂ ਉਥੋਂ ਦੇ ਪੁਜਾਰੀਆਂ ਦਾ ਵੀ ਇਹੋ ਰਵੱਈਆ ਸੀ। ਜਾਪਦਾ ਹੈ ਕਿ ਜਿਵੇਂ-ਜਿਵੇਂ ਸਤਿਗੁਰੂ ਜੀ ਦੀ ਅਦੁੱਤੀ ਪ੍ਰਤਿਭਾ ਦੇ ਚਮਤਕਾਰੀ ਪ੍ਰਭਾਵ ਹੇਠ ਵਿਸ਼ਾਲ ਸਿੱਖ ਜਨਤਾ ਅਤੇ ਕਿਤੇ-ਕਿਤੇ ਹਿੰਦੂ ਤੇ ਮੁਸਲਮਾਨ ਵੀ ਉਹਨਾਂ ਦੇ ਪ੍ਰਭਾਵ-ਖੇਤਰ ਵਿਚ ਲਗਾਤਾਰ ਦਾਖਲ ਹੋ ਰਹੇ ਸਨ, ਇਸ ਲਈ ਅੰਗਰੇਜ਼ ਸਰਕਾਰ ਨੇ ਤਖ਼ਤ ਸਾਹਿਬਾਨਾਂ ਦੇ ਪੁਜਾਰੀਆਂ ਤੋਂ, ਜੋ ਉਹਨਾਂ ਦੇ ਹੱਥ ਠੋਕੇ ਸਨ, ਮਾਮੂਲੀ ਸੰਪ੍ਰਦਾਇਕ ਮੱਤ ਭੇਦਾਂ ਨੂੰ ਹਵਾ ਦੇ ਕੇ, ਕੂਕਿਆਂ ਅਤੇ ਦੂਜੇ



Namdhari Elibrary NamdhariElibrary@gmail.com

ਸਿੱਖਾਂ ਵਿਚ ਇਕ ਅਖਾਉਤੀ ਦੀਵਾਰ ਖੜੀ ਕਰਵਾ ਦਿੱਤੀ।

ਸਤਿਗੁਰੂ ਜੀ ਨੇ ਕਸ਼ਮੀਰ ਵਿਚ ਕੂਕਾ ਰੈਜੀਮੈਂਟ ਦੀ ਸਥਾਪਨਾ ਕਰਨਲ ਹੀਰਾ ਸਿੰਘ 'ਲੰਮ੍ਹ' ਸਢੌਰੇ ਵਾਲੇ ਦੀ ਅਗਵਾਈ ਹੇਠ ਕਰਵਾ ਦਿੱਤੀ। ਨੇਪਾਲ ਦੇ ਰਾਣਾ ਜੰਗ ਬਹਾਦਰ ਪਾਸ ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਸਿੰਘ ਦਾ ਇਕ ਕੂਟਨੀਤਕ ਮਿਸ਼ਨ ਵੀ ਭੇਜਿਆ। ਉਹ ਨੇਪਾਲ ਸੈਨਾ ਵਿਚ ਵੀ ਕੂਕਿਆਂ ਨੂੰ ਭਰਤੀ ਕਰਵਾਉਣਾ ਚਾਹੁੰਦੇ ਸਨ। ਪਰ ਅੰਮ੍ਰਿਤਸਰ ਬੁੱਚੜ ਬੱਧ ਦੇ ਸਾਕੇ ਬਾਅਦ ਇਹ ਯੋਜਨਾ ਵਿਚੇ ਹੀ ਰਹਿ ਗਈ। ਅਫਗਾਨਿਸਤਾਨ, ਰੂਸ ਆਦਿ ਗੁਆਂਢੀ ਦੇਸ਼ਾਂ ਅਤੇ ਗਵਾਲੀਅਰ, ਬਨਾਰਸ, ਲਖਨਊ, ਭੋਪਾਲ, ਹੈਦਰਾਬਾਦ, ਆਦਿ ਦੇਸੀ ਰਿਆਸਤਾਂ ਦੇ ਕੇਂਦਰਾਂ ਵਿਚ ਵੀ ਮਹੱਤਵਪੂਰਨ ਕੂਕੇ ਸੂਬੇ ਭੇਜੇ ਗਏ। ਇਉਂ ਆਪਣੇ ਜਨ-ਮਾਨਸ ਵਿਕਸਿਤ ਕਰ ਕੇ ਗੁਆਂਢੀ ਮਿੱਤਰ ਦੇਸ਼ਾਂ ਤੋਂ ਸੈਨਿਕ ਮੱਦਦ ਲੈਕੇ, ਲੋੜ ਪੈਣ ਤੇ ਹਥਿਆਰ ਬੰਦ ਵਿਦਰੋਹ ਸੰਗਠਿਤ ਕਰ ਕੇ, ਫਰੰਗੀ ਸਰਕਾਰ ਨੂੰ ਭਾਜ ਦੇਣ ਦੀਆਂ ਤਿਆਰੀਆਂ ਵੱਡੀ ਪੱਧਰ ਤੇ ਸ਼ੁਰੂ ਕਰ ਦਿੱਤੀਆਂ। ਅੰਗਰੇਜ਼ੀ ਸਰਕਾਰ ਵੀ ਹੁਣ ਸਮਝ ਰਹੀ ਸੀ ਕਿ ਡਾਕ ਦਾ ਪ੍ਰਬੰਧ ਆਪਣਾ ਕਾਇਮ ਕਰ ਕੇ, ਨਿਆਂ ਵਿਵਸਥਾ ਲਈ ਸਥਾਨਕ ਪੰਚਾਇਤਾਂ ਨੂੰ ਮਜ਼ਬੂਤ ਕਰ ਕੇ, ਸਿੱਖਿਆ ਲਈ ਆਪਣੀਆਂ ਧਰਮਸ਼ਾਲਾਵਾਂ ਵਿਚ ਆਪਣੀ ਭਾਸ਼ਾ ਅਤੇ ਗੁਰਮਤਿ ਗਿਆਨ ਤੇ ਜ਼ੋਰ ਦੇ ਕੇ, ਬਸਤਰ, ਭੋਜਨ, ਯਾਤਾਯਾਤ ਲਈ ਪੂਰਨ ਤੌਰ ਤੇ ਆਪਣੀਆਂ ਸਵਦੇਸ਼ੀ, ਸ੍ਵੈ-ਨਿਰਮਿਤ ਵਸਤੂਆਂ ਅਤੇ ਸਾਧਨਾਂ ਤੇ ਨਿਰਭਰ ਕਰ ਕੇ, ਕੂਕੇ ਆਮ ਲੋਕਾਂ ਦੇ ਅੰਦਰ ਅੰਗਰੇਜ਼ ਸ਼ਾਸਨ ਪ੍ਰਤੀ ਘਿਰਣਾ ਪੈਦਾ ਕਰ ਰਹੇ ਹਨ ਅਤੇ ਇਕ ਸਮਾਨਾਂਤਰ ਸਰਕਾਰ ਵੀ ਚਲਾ ਰਹੇ ਸਨ ਜਿਸ ਵਿਚ ਸਰਵਉਚ-ਸਥਾਨ ਉਨ੍ਹਾਂ ਦੇ ਸਤਿਗੁਰੂ ਜੀ ਦਾ ਹੈ। ਸਤਿਗੁਰੂ ਜੀ ਦੇ ਪ੍ਰਭਾਵ ਖੇਤਰ ਦਾ ਕ੍ਰਮਿਕ, ਪੜਾਅਵਾਰ ਵਿਸਥਾਰ ਵੀ ਚਲਾਕ, ਅੰਗਰੇਜ਼ ਅਧਿਕਾਰੀਆਂ ਦੀਆਂ ਨਜ਼ਰਾਂ ਵਿਚੋਂ ਲੰਘ ਰਿਹਾ ਸੀ। 20 ਨਵੰਬਰ 1871 ਈ ਨੂੰ ਅੰਬਾਲਾ ਸਰਕਲ ਦਾ ਡੀ ਆਈ ਜੀ ਮੈਕਐਂਡਰਿਊ ਲਿਖਦਾ ਹੈ-

"(ਗੁਰੂ) ਰਾਮ ਸਿੰਘ ਨੂੰ ਜਿਹੜੇ ਖਿਤਾਬ ਸਮੇਂ-ਸਮੇਂ ਮਿਲੇ ਇਸ ਤੋਂ ਉਸਦੀ ਉਨਤੀ ਦਾ ਪਤਾ ਲੱਗਦਾ ਹੈ। ਪਹਿਲੋਂ-ਪਹਿਲ ਜਦੋਂ ਉਹ ਹਜ਼ਰੋ ਦੇ (ਬਾਬਾ) ਬਾਲਕ ਸਿੰਘ ਦੇ ਉਤਰਾ ਅਧਿਕਾਰੀ ਵਜੋਂ ਜਾਣਿਆ ਗਿਆ ਉਸ ਨੂੰ ਰਾਮ ਸਿੰਘ ਮਹੰਤ ਕਿਹਾ ਜਾਂਦਾ ਸੀ। ਇਸ ਤੋਂ ਬਾਅਦ ਗੁਰੂ ਰਾਮ ਸਿੰਘ ਕਿਹਾ ਜਾਣ ਲੱਗਾ। ਫਿਰ ਸਤਿਗੁਰੂ ਰਾਮ ਸਿੰਘ ਅਤੇ ਹੁਣ ਸਤਿਗੁਰੂ ਰਾਮ ਸਿੰਘ (ਸੱਚਾ) ਪਾਤਸ਼ਾਹ ਕਿਹਾ ਜਾਂਦਾ ਹੈ।"

ਸਤਿਗੁਰੂ ਜੀ ਦਾ ਆਪਣੇ ਅੰਗ ਰੱਖਿਅਕਾਂ ਵਿਚ ਘਿਰੇ ਰਹਿਣਾ, ਦਰਬਾਰ ਲਾਉਣਾ, ਸਾਰੇ ਦੇਸ਼ ਵਿਚੋਂ ਦੂਤ ਭੇਜਣੇ ਤੇ ਸੁਗਾਤਾਂ ਵਸੂਲਣੀਆਂ, ਬਹੁਤੇ ਬਹੁਤ ਰੁਤਬੇ ਵਾਲੇ ਸਰਦਾਰਾਂ ਅਤੇ ਜਗੀਰਦਾਰਾਂ ਦਾ ਉਹਨਾਂ ਦੀ ਸ਼ਰਨ ਵਿਚ ਆਉਣਾ, ਕਸ਼ਮੀਰ ਵਿਚ ਕੂਕਾ ਰੈਜੀਮੈਂਟ ਕਾਇਮ

Namdhari Elibrary NamdhariElibrary@gmail.com

ਕਰਨਾ, ਨੇਪਾਲ ਸਰਕਾਰ ਨੂੰ ਸੁਗਾਤਾਂ ਦੇ ਕੇ ਕੂਕੇ ਭੇਜਣੇ, ਇਹਨਾਂ ਨੂੰ ਵੀ ਉਪਰੋਕਤ ਰੀਪੋਰਟ ਵਿਚ ਇਕ ਮਹੱਤਵਕਾਂਖੀ ਦਿਮਾਗ ਦੀ ਉਪਜ ਦੱਸਦਿਆਂ ਕਿਹਾ ਗਿਆ ਕਿ ਪੂਰਬ ਵਿਚ ਇਸ ਤਰ੍ਹਾਂ ਦੀਆਂ ਛੋਟੀਆਂ ਘਟਨਾਵਾਂ ਦੇ ਵੀ ਬਹੁਤ ਵੱਡੇ ਨਤੀਜੇ ਨਿਕਲ ਆਉਂਦੇ ਹਨ।

ਇਉਂ ਅਸੀ ਵੇਖ ਰਹੇ ਹਾਂ ਕਿ ਅੰਗਰੇਜ਼ ਸਰਕਾਰ ਸਤਿਗੁਰੂ ਜੀ ਦੇ ਦੇਸ਼ ਅਜ਼ਾਦੀ ਲਈ ਕੀਤੀ ਜਾ ਰਹੀ ਵਿਉਂਹ-ਰਚਨਾ ਪ੍ਰਤੀ ਸੁਚੇਤ ਹੋਣ ਲੱਗ ਪਈ ਸੀ। ਫਰਵਰੀ 1869 ਈ. ਵਿਚ 44 ਕੂਕੇ ਜੋ ਫਿਰੋਜ਼ਪੁਰ ਅਤੇ ਸਿਰਸਾ ਜ਼ਿਲ੍ਹਿਆਂ ਨਾਲ ਸਬੰਧਿਤ ਸਨ ਅਤੇ ਮਸਤਾਨ ਸਿੰਘ ਪਿੰਡ ਬਰਾਜਵਾਲਾ ਉਹਨਾਂ ਦਾ ਆਗੂ ਸੀ, ਉਹਨਾਂ ਦੀ ਪੁਲੀਸ ਦੀ ਇਕ ਟੁਕੜੀ ਨਾਲ ਝਪਟ ਹੋ ਗਈ ਜਿਸ ਤੇ ਪੁਲੀਸ ਇਸਪੈਕਟਰ ਦੀਵਾਨ ਬਖਸ਼ ਦੀ, ਸਤਿਗੁਰੂ ਜੀ ਦੀ ਸ਼ਾਨ ਵਿਰੁੱਧ ਬੋਲਣ ਤੇ, ਕੂਕਿਆਂ ਨੇ ਲਾਹ-ਪਾਹ ਕਰਕੇ ਧੌਲ-ਮੁੱਕੀ ਵੀ ਕਰ ਦਿੱਤੀ। ਇਹਨਾਂ ਸਿੰਘਾਂ ਨੇ ਘਰਾਂ ਦੇ ਗਹਿਣੇ-ਗੱਟੇ ਮਾਇਆ ਇਕੱਠੀ ਕਰਕੇ ਇਕ ਥਾਂ ਰੱਖ ਲਈ ਸੀ ਅਤੇ ਰੋਜ਼ਾਨਾ ਸਾਂਝਾ ਲੰਗਰ ਕਰ ਕੇ ਛਕਦੇ ਸਨ। ਫਿਰੋਜ਼ਪੁਰ ਪੁਲੀਸ ਨੇ ਇਹਨਾਂ ਨੂੰ ਗਰਿਫਤਾਰ ਕਰਕੇ ਵੱਖ ਵੱਖ ਸਜ਼ਾਵਾਂ ਸੁਣਾ ਦਿੱਤੀਆਂ। ਸਰਕਾਰੀ ਰਿਕਾਰਡ ਵਿਚ ਇਸ ਘਟਨਾ ਨੂੰ ਵੀ 'ਕੂਕਾ ਬਗ਼ਾਵਤ' ਦਾ ਨਾਮ ਦਿੱਤਾ ਗਿਆ ਕਿਉਂਕਿ ਕੂਕੇ ਸਿੰਘਾਂ ਨੇ ਖੁੱਲਮ ਖੁੱਲ੍ਹਾ ਇਸਪੈਕਟਰ ਨੂੰ ਕਿਹਾ ਸੀ ਕਿ ਹੁਣ ਇੱਥੇ ਖਾਲਸੇ ਦਾ ਰਾਜ ਕਾਇਮ ਹੋ ਗਿਆ ਹੈ ਜੇ ਤੂੰ ਚੰਗੀ ਚਾਹੁੰਦਾ ਹੈ ਤਾਂ ਸਾਡੇ ਨਾਲ ਰਲ ਜਾ ਨਹੀਂ ਤਾਂ ਨਤੀਜਾ ਭੁਗਤ। ਸਰਕਾਰ ਇਸ ਘਟਨਾ ਤੋਂ ਹੋਰ ਵੀ ਚੁਕੰਨੀ ਹੋ ਗਈ।

ਜਿਸ ਗੱਲ ਤੋਂ ਕੂਕਾ ਅੰਦੋਲਨ ਦੇ ਸ਼ਾਂਤ ਪਾਣੀਆਂ ਵਿਚ ਇਕਦਮ ਉਬਾਲ ਆ ਗਿਆ ਉਹ ਸੀ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਅੰਗਰੇਜ਼ੀ ਸਰਕਾਰ ਵੱਲੋਂ ਇਜਾਜ਼ਤ ਦੇ ਕੇ ਖੁਲ੍ਹਵਾਏ ਬੁੱਚੜ ਖਾਨਿਆਂ ਵਿਚ ਜ਼ਿਬ੍ਹਾ ਹੋਣ ਵਾਲੇ ਗਊ ਪਸ਼ੂਆਂ ਦਾ ਖੁੱਲਮ-ਖੁੱਲ੍ਹਾ ਮਾਸ ਟੋਕਰਿਆਂ ਵਿੱਚ ਪਾ ਕੇ ਸ਼ਹਿਰ ਵਿਚ ਵੇਚਿਆ ਜਾਣਾ। ਮਹਾਤਮਾ ਬੁੱਧ ਦੇ ਸਮੇਂ ਤੋਂ, ਜਦੋਂ ਤੋਂ ਗੰਗਾ ਜਮਨਾ ਦੇ ਮੈਦਾਨਾਂ ਵਿਚ ਖੇਤੀ ਆਰੰਭ ਹੋਈ ਸੀ, ਜਿਸ ਲਈ ਬੈਲਾਂ ਦੀ ਬਹੁਤ ਜ਼ਰੂਰਤ ਸੀ ਹੁਣ ਪਸ਼ੂਆਂ ਦੇ ਖਿਲਾਫ ਜੀਵ ਹਿੰਸਾ ਤੇ ਬੁੱਧ ਜੀ ਵੱਲੋਂ ਅਹਿੰਸਾ ਦੇ ਉਪਦੇਸ਼ ਦੁਆਰਾ ਰੋਕ ਲਾਈ ਗਈ ਸੀ। ਗੁਰੂ ਨਾਨਕ ਦੇਵ ਜੀ ਨੇ ਵੀ ਧਰਤੀ ਨੂੰ ਧਰਮ ਰੂਪੀ ਧਉਲ ਤੇ ਟਿਕੀ ਦੱਸ ਕੇ ਇਹੀ ਸੰਕੇਤ ਦਿੱਤਾ ਸੀ ਕਿ ਖੇਤੀ ਅਰਥ-ਵਿਵਸਥਾ ਬੈਲ ਤੇ ਆਧਾਰਿਤ ਹੈ। ਗਾਈਆਂ ਦੁੱਧ, ਦਹੀਂ, ਲੱਸੀ, ਮੱਖਣ, ਪਨੀਰ ਦੁਆਰਾ ਭੋਜਨ ਦੀ ਲੋੜ ਪੂਰੀਆਂ ਕਰਦੀਆਂ ਹਨ ਅਤੇ ਗਊ ਦੇ ਜਾਏ, ਹਲ, ਗੱਡੀ ਖੂਹਰ ਜੁਪ ਕੇ ਹੋਰਨਾਂ ਖੇਤੀ ਕਾਰਜਾਂ, ਯਾਤਾਯਾਤ ਅਤੇ ਵਣਜ ਵਿਉਪਾਰ ਵਿਚ ਵੀ ਸਹਾਈ ਹੁੰਦੇ ਹਨ। ਇਸੇ ਕਰਕੇ ਸਮਾਂ ਪਾ ਕੇ ਗਊ ਨੂੰ ਮਾਤਾ ਦਾ ਦਰਜਾ ਪ੍ਰਾਪਤ ਹੋ ਗਿਆ। ਇਹ ਠੀਕ ਹੈ ਕਿ ਇਸਲਾਮੀ ਸ਼ਰ੍ਹਾ ਨੂੰ ਮੰਨਣ ਵਾਲਿਆਂ ਵਿਚ ਗਊ-ਮਾਸ ਸੇਵਨ ਤੇ ਮਨਾਹੀ ਨਹੀਂ ਸੀ, ਪਰ ਸਿੱਖ

Namdhari Elibrary NamdhariElibrary@gmail.com

ਗੁਰੂਆਂ ਵੱਲੋਂ ਗਊ-ਗਰੀਬ ਦੀ ਰਾਖੀ ਲਈ ਨਿੱਤਰਣ ਦੇ ਸੱਦੇ ਸਦਕਾ, ਜਦੋਂ ਪੰਜਾਬ ਵਿਚ ਪਹਿਲਾਂ ਸਿੱਖ ਮਿਸਲਾਂ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ ਤਾਂ ਪੌਣੀ ਸਦੀ ਦਾ ਇਹ ਸਮਾਂ ਗਊ ਬੱਧ ਤੋਂ ਪੂਰੀ ਤਰ੍ਹਾਂ ਮੁਕਤ ਰਿਹਾ ਹੈ। ਮਹਾਰਾਜਾ ਸਾਹਿਬ ਬਾਰੇ ਇਹ ਰਵਾਇਤ ਹੈ ਕਿ ਆਪਣੇ ਰਾਜ ਵਿਚ ਉਹ ਕਿਸੇ ਨੂੰ ਮਿਰਤੂ ਦੰਡ ਨਹੀਂ ਸਨ ਦਿੰਦੇ, ਪ੍ਰੰਤੂ ਗਊ ਹਤਿਆਰਾ ਇਸ ਲਈ ਅਪਵਾਦ ਸੀ। ਇਸੇ ਕਾਰਨ ਗਊ ਬੱਧ ਤੋਂ ਏਨਾਂ ਲੰਮਾਂ ਸਮਾਂ ਪੰਜਾਬ ਦੀ ਧਰਤੀ ਮੁਕਤ ਰਹੀ। ਮਹਾਰਾਜ ਦੇ ਵੇਲੇ ਜੇ ਕਦੇ ਅੰਗਰੇਜ਼ ਜਾਂ ਅਫਗਾਨ ਸੈਨਾਵਾਂ ਨੇ ਵੀ ਪੰਜਾਬ ਵਿਚੋਂ ਲੰਘਣਾ ਹੁੰਦਾ ਤਾਂ ਉਹਨਾਂ ਤੋਂ ਇਹ ਰੋਕ ਲਈ ਜਾਂਦੀ ਸੀ ਕਿ ਇਸ ਧਰਤੀ ਤੇ ਉਹ ਗਊ ਕਸ਼ੀ ਨਹੀਂ ਕਰਨਗੇ। ਸਿੱਖ-ਅੰਗਰੇਜ਼ ਜੰਗਾਂ ਵਿਚ ਜਿੱਤਣ ਬਾਅਦ ਜਦੋਂ ਅੰਗਰੇਜ਼ ਰੈਜ਼ੀਡੈਂਟ ਹੈਨਰੀ ਲਾਰੈਂਸ ਲਾਹੌਰ ਵਿਚ ਬ੍ਰਿਟਿਸ਼ ਸੈਨਾ ਸਮੇਤ ਬੈਠ ਗਿਆ ਸੀ ਤਾਂ ਉਸ ਦਾ 24 ਮਾਰਚ 1847 ਦਾ ਤਾਂਬੇ ਦੇ ਪੱਤਰੇ ਤੇ ਉਕਰਿਆ ਆਦੇਸ਼ ਹਰਿਮੰਦਰ ਸਾਹਿਬ ਦੇ ਬਾਹਰ ਲਾਇਆ ਗਿਆ ਸੀ ਕਿ ਕੋਈ ਵੀ ਵਿਅਕਤੀ ਦੌੜੀ ਸਮਤ ਇਸ ਜਗ੍ਹਾ ਤੇ ਨਹੀਂ ਆਏਗਾ ਅਤੇ ਅੰਮ੍ਰਿਤਸਰ ਵਿਚ ਗਊ-ਬੱਧ ਤੇ ਮੁਕੰਮਲ ਰੋਕ ਜਾਰੀ ਰਹੇਗੀ। ਪਰ 29 ਮਾਰਚ 1849 ਦੀ ਤੋਂ ਬਾਅਦ ਜਦੋਂ ਪੰਜਾਬ ਤੇ ਅੰਗਰੇਜ਼ਾਂ ਦੀ ਕੰਪਨੀ ਸਰਕਾਰ ਨੇ ਮੁਕੰਮਲ ਕਬਜ਼ਾ ਕਰ ਲਿਆ ਤਾਂ ਗਊ-ਬੱਧ ਵਾਲੀ ਰੋਕ ਦੇ ਮਾਮਲੇ ਵਿਚ ਵੀ ਸਰਕਾਰ ਦੀ ਨੀਤੀ ਇਕ ਦਮ ਬਦਲ ਗਈ। ਕਿਉਂਕਿ ਅੰਗਰੇਜ਼ਾਂ ਦੀਆਂ ਫੌਜਾਂ ਵਿਚ ਗੋਰੇ ਸਿਪਾਹੀ ਤੇ ਅਫਸਰ ਗਊ-ਮਾਸ ਖਾਂਦੇ ਸਨ ਇਸ ਲਈ ਪੰਜਾਬ ਦੀ ਨਵੀਂ ਸਰਕਾਰ ਵੱਲੋਂ 5 ਮਈ 1849 ਨੂੰ ਪੰਜਾਬ ਵਿਚ ਮਾਸ ਖਾਣ ਲਈ ਗਊਆਂ ਮਾਰਨ ਦੀ ਖੁੱਲ੍ਹ ਕਰ ਦਿੱਤੀ ਗਈ। ਪਹਿਲਾਂ ਇਹ ਮਨਜ਼ੂਰ ਕਿਹਾ ਗਿਆ ਕਿ ਗਊ-ਬੱਧ ਸ਼ਹਿਰਾਂ ਦੀ ਹਦੂਦ ਤੋਂ ਬਾਹਰ ਕਿਸੇ ਵਲਗਣ ਵਿਚ ਹੋਇਗਾ। ਖਰੀਦਣ ਵਾਲੇ ਕੱਪੜੇ ਵਿਚ ਵਲੇਟ ਕੇ ਲੈ ਜਾਣਗੇ ਤਾਂਕਿ ਹਿੰਦੂ, ਸਿੱਖਾਂ ਦਾ ਦਿਲ ਨਾ ਦੁੱਖੇ ਅਤੇ ਮੁਸਲਮਾਨ ਐਸੇ ਅਧਿਕਾਰ ਦੀ ਬੁਰੀ ਤਰ੍ਹਾਂ ਵਰਤੋਂ ਨਾ ਕਰਨ ਜਿਸ ਤੋਂ ਉਹ ਚਿਰਾਂ ਤੋਂ ਵਾਂਝੇ ਸਨ। ਹੁਣ ਜਦੋਂ 24 ਮਾਰਚ 1847 ਵਾਲੇ ਉਪਰੋਕਤ ਹੁਕਮਾਂ ਬਾਰੇ ਪੰਜਾਬ ਸਰਕਾਰ ਨੂੰ ਪੁੱਛਿਆ ਗਿਆ ਤਾਂ ਕੰਪਨੀ ਸਰਕਾਰ ਦੇ ਨੁਮਾਇੰਦਿਆਂ ਦਾ ਜੁਆਬ ਸੀ ਕਿ ਉਸ ਸਮੇਂ ਪੰਜਾਬ ਦੇ ਹਾਕਮ ਸਿੱਖ ਸਨ। ਕੰਪਨੀ ਸਰਕਾਰ ਵੱਲੋਂ ਸਿੱਖ ਮਹਾਰਾਜੇ ਦਲੀਪ ਸਿੰਘ ਨੂੰ ਉਹ ਇਕ ਰਿਆਇਤ ਦਿੱਤੀ ਗਈ ਸੀ, ਹੁਣ ਹਾਕਮ ਅੰਗਰੇਜ਼ ਹਨ ਇਸ ਲਈ ਪੁਰਾਣਾ ਹੁਕਮ ਖਤਮ ਸਮਝੋ। ਬਲਦੀ ਤੇ ਤੇਲ ਪਾਉਣ ਲਈ 20 ਮਈ, 1849 ਨੂੰ ਗਵਰਨਰ ਜਨਰਲ ਨੇ ਇਹ ਹੁਕਮ ਜਾਰੀ ਕੀਤਾ-"ਕਿਸੇ ਆਦਮੀ ਨੂੰ ਦੂਸਰੇ ਪੜੋਸੀ ਆਦਮੀ ਦੇ ਆਪਣੀ ਧਾਰਮਿਕ ਮਰਿਆਦਾ ਜਾਂ ਰਹੁ-ਰੀਤ ਕਰਨ ਵਿਚ ਅਟਕਾ ਪਾਉਣ ਦੀ ਇਜਾਜ਼ਤ ਅਤੇ ਖੁੱਲ੍ਹ ਨਾ ਦਿੱਤੀ ਜਾਵੇ।" ਇਸ ਹੁਕਮ ਦਾ ਸਿੱਧਾ ਮਨੋਰਥ ਸੀ ਕਿ ਹਿੰਦੂ-ਸਿੱਖਾਂ ਦੇ ਗੁਆਂਢੀ ਮੁਸਲਮਾਨ ਜੇ ਚਾਹੁਣਗੇ ਤਾਂ ਉਹ ਗਊ-ਮਾਸ ਦੀ ਵਰਤੋਂ ਕਰ ਸਕਣਗੇ। ਉਹਨਾਂ ਦੇ ਇਸ ਅਧਿਕਾਰ ਦੇ ਰਾਹ ਵਿਚ ਅੜਿੱਕਾ ਪੈਦਾ ਕਰਨ ਵਾਲਿਆਂ ਨਾਲ ਹੁਣ



Namdhari Elibrary NamdhariElibrary@gma com

ਸਰਕਾਰ ਅੰਗਰੇਜ਼ੀ ਸਿਖੇਗੀ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਗਏ, ਨਵੀਂ ਸਰਕਾਰ ਖ਼ਿਲਾਫ਼ ਇਕਜੁੱਟ ਕੌਮੀ ਅੰਦੋਲਨ ਨੂੰ ਲੀਰੋ-ਲੀਰ ਕਰਨ ਲਈ ਫ਼ਿਰਕੂ ਪੱਤਾ ਵਰਤਿਆ ਜਾਵੇ। ਪੰਜਾਬ ਦੇ ਜਨ ਸਾਧਾਰਨ ਨੂੰ ਇਹ ਅਹਿਸਾਸ ਤੀਬਰਤਾ ਨਾਲ ਕਰਵਾ ਦਿੱਤਾ ਜਾਵੇ ਕਿ ਉਹ ਹੁਣ ਆਪਣੀ ਹੀ ਧਰਤੀ ਤੇ ਓਪਰਿਆਂ ਦੇ ਗ਼ੁਲਾਮ ਹਨ ਅਤੇ ਬਿਨਾਂ ਕਿਸੇ ਚੂੰ-ਚਰਾਂ ਦੇ ਧੌਣਾਂ ਸੁਟ ਕੇ, ਕੌਮੀ ਬੇਪਤੀ ਨੂੰ ਸਹਾਰਦੇ ਹੋਏ ਇਸ ਭਾਣੇ ਨੂੰ ਮੰਨ ਲੈਣ।

ਅਗਲੇ 10-11 ਸਾਲਾਂ ਵਿਚ ਹਾਲਤ ਇਹ ਹੋ ਗਈ ਕਿ ਦਰਬਾਰ ਸਾਹਿਬ ਦੇ ਲਾਗੇ, ਘੰਟਾ ਘਰ ਪਾਸ ਵੀ, ਇਕ ਦੁਕਾਨ ਖੁੱਲ੍ਹ ਗਈ, ਜਿੱਥੇ ਬੁੱਚੜ ਗਊ-ਮਾਸ ਵੇਚਦੇ ਅਤੇ ਹੁਣ ਉਹ ਇਸਨੂੰ ਟੋਕਰਿਆਂ ਵਿਚ ਪਾ ਕੇ ਸ਼ਰੇਆਮ ਹਿੰਦੂ-ਸਿੱਖ ਮੁਹੱਲਿਆਂ ਵਿਚ ਦੀ ਵੀ ਵੇਚਦੇ ਹੋਏ ਲੰਘਦੇ। ਪਵਿੱਤਰ ਸਰੋਵਰ ਵਿਚ ਗਊ-ਮਾਸ ਦੀਆਂ ਬੋਟੀਆਂ, ਹੱਡੀਆਂ ਇੱਲਾਂ, ਕਾਂ ਸੁੱਟ ਦਿੰਦੇ। ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਵਲ ਭਾਈ ਦੇਵਾ ਸਿੰਘ ਨੇ ਗਊ ਦਾ ਇਕ ਹੱਡ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੱਖ ਦਿੱਤਾ ਜਿਸ ਤੇ ਕੌਮੀ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਉਸਨੂੰ ਜੇਹਲ ਦੀ ਹਵਾ ਖਾਣੀ ਪਈ ਸੀ। ਭਾਈ ਨਾਹਰ ਸਿੰਘ ਨੇ ਇਸ ਤ੍ਰਾਸਦਿਕ ਸਥਿਤੀ ਦਾ ਵਰਣਨ ਬੜੇ ਮਾਰਮਿਕ ਸ਼ਬਦਾਂ ਵਿਚ ਕੀਤਾ ਹੈ-

"ਬੁੱਚੜਖਾਨਾ ਖੁੱਲ੍ਹਣ ਪਿਛੋਂ ਅੰਮ੍ਰਿਤਸਰ ਦੇ ਵੱਡੇ ਵੱਡੇ ਜਗੀਰਦਾਰ, ਧਨਾਢ, ਸ਼ਾਹੂਕਾਰ, ਵਪਾਰੀ, ਹਿੰਦੂ ਅਤੇ ਸਿੱਖ ਰਈਸ ਅੰਗਰੇਜ਼ ਮਾਈ ਬਾਪ ਸਰਕਾਰ ਦੀ, ਹਰ ਗੱਲ ਵਿਚ ਹਾਂ ਮਿਲਾ ਕੇ ਸ਼ਾਬਾਸ਼ ਲੈਣਾ ਫ਼ਖ਼ਰ ਸਮਝਦੇ ਸਨ। ਹੱਥੀਂ ਰੋਟੀ ਕਮਾ ਕੇ ਖਾਣ ਵਾਲੀ, ਅਤੇ ਕਮਾਈ ਵਿੱਚੋਂ ਇਕ ਟਕਾ ਗੁਰੂ ਮਹਾਰਾਜ ਦੀ ਭੇਟਾ ਧਰ ਕੇ ਮੱਥਾ ਟੇਕਣ ਵਾਲੀ ਆਮ ਜਨਤਾ ਦੇ ਬੰਦੇ, ਬੁੱਚੜਖਾਨੇ ਨੂੰ ਸਿੱਖ ਗੁਰੂਆਂ ਦੇ ਪਵਿੱਤਰ ਹੱਥਾਂ ਨਾਲ ਬਣਾਈ ਹੋਈ, ਗੁਰੂ ਕੀ ਨਗਰੀ ਦੇ ਮੱਥੇ ਤੇ ਇਕ ਮਹਾਂ-ਕਲੰਕ ਜਾਂ ਕਾਲਖ ਦਾ ਟਿੱਕਾ ਖ਼ਿਆਲ ਕਰਦੇ ਸਨ। ਅਮੀਰ ਅਤੇ ਗਰੀਬ ਦੇ ਧਰਮ ਨੂੰ ਧਾਰਨ ਕਰਨ, ਮੰਨਣ ਅਤੇ ਉਸਦੀਆਂ ਰੀਤੀਆਂ ਅਤੇ ਰਵਾਇਤਾਂ ਤੇ ਚੱਲਣ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਗਰੀਬ ਨੂੰ ਧਰਮ ਦੀ ਹਾਨੀ ਹੁੰਦੀ ਦੇਖ ਕੇ ਕੰਬਣੀ ਛਿੜ ਜਾਂਦੀ ਹੈ। ਰੋਟੀ ਕਮਾਉਣ ਵਾਲਾ ਹੱਥ ਤਲਵਾਰ ਦੀ ਮੁੱਠ ਤੇ ਆ ਟਿਕਦਾ ਹੈ। ਉਹ ਅਕਲ, ਸੋਚ, ਵਿਚਾਰ ਅੱਗ ਰੱਖ ਕੇ ਚੱਲਣ ਦੀਆਂ ਹੱਦਾਂ ਟੱਪ ਜਾਂਦਾ ਹੈ। ਤਨ, ਮਨ, ਧਨ ਕੁਰਬਾਨ ਕਰਨ ਦੀ ਤਾਂਘ ਅਤੇ ਜੋਸ਼ ਉਸਨੂੰ ਐਸੇ ਮੰਜ਼ਲਾਂ ਵਿਚ ਖਿੱਚ ਕੇ ਲੈ ਜਾਂਦੇ ਹਨ, ਜਿੱਥੇ ਆਪੇ ਤੋਂ ਬਾਹਰ ਹੋ ਕੇ ਉਹ ਧਰਮ ਹਾਨੀ ਕਰਨ ਵਾਲੇ ਨੂੰ ਮਾਰ ਕੇ ਆਪ ਮਰ ਜਾਣਾ ਹੀ ਧਰਮ ਸਮਝਦਾ ਹੈ।"

ਅੰਮ੍ਰਿਤਸਰ ਸ਼ਹਿਰ ਅਤੇ ਇਸਦੇ ਪਿੰਡਾਂ ਦੇ ਕੁਝ ਨਾਮਧਾਰੀ ਕਿਰਤੀ ਕਿਸਾਨ ਦਸਤਕਾਰ ਆਦਿ ਦਸ ਗਿਆਰਾਂ ਸਿੰਘਾਂ ਨੇ 14-15 ਜੂਨ 1871 ਈ ਦੀ ਵਿਚਕਾਰਲੀ ਰਾਤ ਅੰਮ੍ਰਿਤਸਰ



Namdhari Elibrary NamdhariElibrary@gmail.com

ਵਿਚ ਗਊਘਾਤੀਆਂ ਨੂੰ ਬੁੱਚੜਖਾਨੇ ਵਿਚ ਪਿਆਂ ਨੂੰ ਤਲਵਾਰ ਦੀ ਧਾਰ ਲੰਘਾ ਕੇ, ਗੁਰੂ ਕੀ ਨਗਰੀ ਤੇ ਲੱਗਾ ਇਸ ਕਲੰਕ ਨੂੰ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਧੋਣ ਦਾ ਯਤਨ ਕੀਤਾ। ਇਸ ਤੋਂ ਪੂਰਾ ਇਕ ਮਹੀਨਾ ਮਗਰੋਂ, 15 ਜੁਲਾਈ 1871 ਈ. ਕੂਕੇ ਸਿੰਘਾਂ ਨੇ ਰਾਏਕੋਟ ਲੁਧਿਆਣਾ ਵਿਚ ਸਥਿਤ ਬੁੱਚੜਖਾਨੇ ਤੇ ਹਥਿਆਰਬੰਦ ਹਮਲਾ ਬੋਲਿਆ। ਸਰਕਾਰ ਜੋ ਅੰਮ੍ਰਿਤਸਰ ਬੁੱਚੜ ਬੁੱਚੜ-ਬੱਧ ਦੀ ਵਾਰਦਾਤ ਤੋਂ ਹੀ ਭੈ ਭੀਤ ਹੋ ਕੇ ਇਸ ਨੂੰ ਆਪਣੇ ਰਾਜ ਲਈ ਇਕ ਵੱਡੀ ਵੰਗਾਰ ਸਮਝ ਰਹੀ ਸੀ ਉਸਨੂੰ ਰਾਇਕੋਟ ਦੀ ਘਟਨਾ ਤੋਂ ਹੱਥਾਂ ਪੈਰਾਂ ਦੀ ਪੈ ਗਈ। ਆਪਣਾ ਨਮੂਜ ਰੱਖਣ ਲਈ ਅੰਮ੍ਰਿਤਸਰ ਵਿਚ ਡਾ: ਮਿਸਟਰ ਕ੍ਰਿਸਟੀ ਸੀ ਆਈ ਡੀ ਅਫਸਰ ਦੀ ਕਾਹਲੀਆਨਾ-ਤਫਤੀਸ਼ ਤੋਂ ਦੁਖੀ ਹੋਏ ਕਈ ਬੇਦੋਸ਼ ਸ਼ਹਿਰ ਦੇ ਮੰਨੇ ਪ੍ਰਮੰਨੇ ਲੋਕ ਝੂਠਾ ਹੀ ਇਕਬਾਲ ਕਰ ਗਏ ਤਾਂ ਕਿ ਰੋਜ਼-ਰੋਜ਼ ਦੇ ਅੱਤਿਆਚਾਰ ਸਹਿਣ ਨਾਲੋਂ ਇਕੋ ਵੇਰ ਫਾਂਸੀ ਤੇ ਚੜ੍ਹ ਕੇ ਛੁਟਕਾਰਾ ਹਾਸਲ ਕਰਨ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਬੇਦੋਸ਼ਿਆਂ ਵੱਲੋਂ ਇਕਬਾਲ ਦਾ ਪਤਾ ਲੱਗਾ ਤਾਂ ਉਹਨਾਂ ਆਪਣੇ ਸਿੰਘਾਂ ਨੂੰ ਤੁਰੰਤ ਪੇਸ਼ ਹੋ ਕੇ ਜੁਰਮ ਇਕਬਾਲ ਕਰਨ ਲਈ ਕਿਹਾ ਤਾਂ ਜੁ ਬੇਦੋਸ਼ਾਂ ਨੂੰ ਬਚਾ ਕੇ ਪਰਉਪਕਾਰ ਕੀਤਾ ਜਾਵੇ। ਇਸ ਤੇ ਭਾਈ ਬੀਹਲਾ ਸਿੰਘ ਨਾਰਲੀ ਅਤੇ ਉਸਦੇ ਸਾਥੀ ਅੰਮ੍ਰਿਤਸਰ ਜਾ ਕੇ ਪੇਸ਼ ਹੋ ਗਏ। ਖੂਨ ਵਿੱਚ ਲਿੱਬੜੀਆਂ ਤਲਵਾਰਾਂ ਨਿਸ਼ਾਨਦੇਹੀ ਕਰ ਕੇ ਕਢਾ ਦਿੱਤੀਆਂ ਤੇ ਜੁਰਮ ਕਬੂਲ ਲਿਆ। ਨਤੀਜੇ ਵਜੋਂ, 15 ਸਤੰਬਰ 1871 ਈ. ਨੂੰ ਗੁਰੂ ਕੇ ਚਾਰ ਲਾਲ ਭਾਈ ਬੀਹਲਾ ਸਿੰਘ ਸੰਧੂ, ਲਹਿਣਾ ਸਿੰਘ ਪੰਨਵਾਂ ਜਿਲਾ ਸਿਆਲਕੋਟ ਹਾਲ ਅੰਮ੍ਰਿਤਸਰ, ਫਤੇਹ ਸਿੰਘ ਚਾਟੜਾ ਸ਼ਹਿਰ ਅੰਮ੍ਰਿਤਸਰ, ਹਾਕਮ ਸਿੰਘ ਪਟਵਾਰੀ ਬ੍ਰਾਹਮਣ ਪਿੰਡ ਮਤੇ ਜਿਲ੍ਹਾ ਅੰਮ੍ਰਿਤਸਰ ਰਾਮ ਬਾਗ ਬੋਹੜਾਂ ਨਾਲ ਹੱਸਦੇ ਹੱਸਦੇ ਫਾਂਸੀਆਂ ਤੇ ਝੂਟ ਗਏ। ਦੋ ਸਾਲ ਬਾਅਦ ਠੱਟਾ ਅੰਮ੍ਰਿਤਸਰ ਦਾ ਝੰਡਾ ਸਿੰਘ ਕਾਬੂ ਆ ਗਿਆ ਤੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਲਹਿਣਾ ਸਿੰਘ ਅੰਮ੍ਰਿਤਸਰ ਦਾ ਇਕ ਹੋਰ ਰਾਮਗੜ੍ਹੀਆ ਸਿੰਘ ਅਤੇ ਲਾਲ ਸਿੰਘ ਸਿਪਾਹੀ 'ਕਾਲੇ ਪਾਣੀ' ਭੇਜ ਦਿੱਤੇ ਗਏ। ਕਈ ਸਿੰਘ ਜਿਹਾ ਕਿ ਭਗਵਾਨ ਸਿੰਘ ਅੜਬੰਗੀ, ਮਿਹਰ ਸਿੰਘ ਲੱਪੋਕ, ਲਛਮਣ ਸਿੰਘ ਚਾਹਲਾਂ ਅੰਮ੍ਰਿਤਸਰ ਭਗੌੜੇ ਕਰਾਰ ਦਿੱਤੇ ਗਏ। ਗਿਆਨੀ ਗਿਆਨ ਸਿੰਘ 1889 ਈ. ਵਿਚ ਛਪੀ ਪਹਿਲੀ ਛਾਪ ਗ੍ਰੰਥ 'ਪੰਥ ਪ੍ਰਕਾਸ਼' ਵਿਚ ਕੂਕੇ ਸ਼ਹੀਦਾਂ ਨੂੰ ਇਉਂ ਭਾਵ-ਭੀਨੀ ਸ਼ਰਧਾਂਜਲੀ ਅਰਪਿਤ ਕਰਦੇ ਹਨ :-

"ਦੀਦਾਰ ਪੁਜਾਰੀ ਕੇ ਕਿਰੋਧੀ ਇਨੈ ਜੋਰ ਕਰੇ। ਤੈ ਸੀ ਉਠੇ ਪੰਥ ਪੈ ਕਹਾਏ ਗੁਰ ਨੈ ਘਨੇ।
ਸੁਨੈ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ। ਧਰਮੀ ਸ਼ਹੀਦਨ ਮੈ ਗਏ ਜਿਮ ਹੈ ਗਨੇ।
ਸਿਮਤ ਉਨੀ ਸੈ ਬੀਸ ਤੀਸ ਕੇ ਬਖਤ ਮਧ। ਠੌਰ ਠੌਰ ਧੇਨੁ ਬਧ ਹੋਨ ਲਗੇ ਥੇ ਘਨੇ।
ਦੇਖਿ ਦੇਖਿ ਹਿੰਦੂ ਸਭ ਹੋਹਿ ਦੁਖਿਆਰੇ ਭਾਰੇ। ਚਾਰਾ ਜੋਰ ਸਰਕਾਰ ਸੰਗ ਕੋਊ ਨਾ ਬਨੇ।
ਹਿੰਮਤ ਕਮਰ ਬਾਂਧਿ ਨਾਮਧਾਰੀ ਸਿੰਘੋ ਤਬਿ। ਬੁੱਚੜ ਬਿਦਾਰੇ ਹਤਿਆਰੇ ਬਹੁ ਠੌਰ ਪੈ।



Namdhari Elibrary NamdhariElibrary@gmail.com

ਸੁਧਾਸਰ ਆਦਿ ਠੌਰ ਔਰ ਕਿਤੂ ਨਾਮੀ ਗ੍ਰਾਮੀ । ਅੰਗਰੇਜ਼ੋਂ ਗਹਿ ਕੈ ਦੁਖਿਆਰੇ ਕੀਨੇ ਗੋਰ ਪੈ।
ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ । ਕਾਤਲ ਸਬੂਤ ਆਪ ਥੀਏਂ ਸਭ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਦੇਸ ਲੋਕ ਮਾਹਿ । ਕੋਟਲੇ ਮਲੇਰ ਫੇਰ ਯਥੇ ਸਾਕਾ ਔਰ ਪੈ।"

**ਰਾਇਕੋਟ ਵਾਲੇ ਸਾਕੇ ਵਿੱਚ ਤਫ਼ਤੀਸ਼**

ਰਿਆਸਤ ਨਾਭਾ ਅਤੇ ਰਿਆਸਤ ਪਟਿਆਲਾ ਦੇ ਇਕ ਪਿੰਡ ਵਿਚ ਰਾਇਕੋਟ ਦੇ ਬੁੱਚੜਾਂ ਦੇ ਕਾਤਲਾਂ ਦੇ ਖੁਰੇ ਜਾਂਦੇ ਸਨ। ਇਸਤੇ ਪੰਜਾਬ ਸਰਕਾਰ ਨੇ ਰਿਆਸਤ ਪਟਿਆਲਾ ਤੇ ਨਾਭਾ ਤੋਂ ਇਸ ਕੇਸ ਦੀ ਤਫ਼ਤੀਸ਼ ਲਈ ਮੱਦਦ ਮੰਗੀ। ਪਰ ਇੱਥੇ ਤਾਂ ਚੋਰ ਨਾਲੋ ਪੰਡ ਕਾਹਲੀ ਸੀ। ਪਟਿਆਲੇ ਵਾਲਿਆਂ ਨੇ ਲਿਖਿਆ ਕਿ ਅੰਗਰੇਜ਼ ਸਰਕਾਰ ਦਾ ਹੁਕਮ ਮਿਲਣ ਤੋ ਪਹਿਲਾਂ ਹੀ ਉਹ ਤਾਂ ਕਾਤਲਾਂ ਨੂੰ ਫੜਾਉਣ ਵਾਲੇ ਲਈ 250 ਰੁਪਏ ਦੇ ਇਨਾਮ ਦੀ ਘੋਸ਼ਣਾ ਵੀ ਕਰ ਚੁੱਕੇ ਹਨ। ਕੁਝ ਦਿਨਾਂ ਵਿਚ ਹੀ ਪਿਥੋ ਪਿੰਡ ਦੇ ਤਿੰਨ ਕੂਕੇ ਸਿਘ ਫੜ ਲਏ ਗਏ। ਦਲ ਸਿਘ ਫੋਨੋਵਾਲ ਅਤੇ ਕਾਹਨਾ ਕਮਾਲਪੁਰ ਤਾਂ ਵਾਅਦਾ ਮੁਆਫ਼ ਬਣ ਗਏ। ਬਾਅਦ ਵਿਚ ਫਿਰ ਇਕ ਵੇਰ ਪਿੱਥੋ ਵਾਲੇ ਤਿੰਨਾਂ ਸਿਘਾਂ ਨਾਲ ਮੌਤ ਦੀ ਸਜ਼ਾ ਸੁਣ ਚੁੱਕਾ ਗੁਲਾਬ ਸਿਘ ਵੀ ਵਾਅਦਾ ਮੁਆਫ਼ ਹੋ ਗਿਆ। ਇਸ ਵਚਿੱਤਰ ਸਥਿਤੀ ਬਾਰੇ ਭਾਈ ਨਾਹਰ ਸਿਘ ਲਿਖਦੇ ਹਨ

"ਇਸ ਮੁਕੱਦਮੇ ਦਾ ਖਾਸ ਪਹਿਲੂ ਇਹ ਹੈ ਕਿ ਚੀਫ ਕੋਰਟ ਤੋ ਫਾਂਸੀ ਦਾ ਹੁਕਮ ਹੋਵਣ ਪਿਛੋ ਗੁਲਾਬ ਸਿਘ ਨੂੰ ਵਾਅਦਾ ਮੁਆਫ਼ ਗਵਾਹ ਬਣਾਇਆ ਗਿਆ। ਕੀ ਕਾਨੂੰਨ ਅਨੁਸਾਰ ਐਸਾ ਹੋ ਸਕਦਾ ਸੀ? ਪਰ ਨਾਮਧਾਰੀਆਂ ਉਤੇ ਕਾਨੂੰਨ ਦੀ ਥਾਂ ਸਿਆਸਤ ਲਾਗੂ ਸੀ, ਕਿਉਂਕਿ ਉਨ੍ਹਾਂ ਨੇ ਬੁੱਚੜ ਵੱਢ ਕੇ ਸਰਕਾਰੀ ਹੁਕਮ ਤੋੜੇ ਸਨ ਅਤੇ ਸਰਕਾਰ ਦਾ ਵਕਾਰ ਮਿੱਟੀ ਵਿਚ ਮਿਲਾ ਦਿੱਤਾ ਸੀ।"[5]

28 ਜੁਲਾਈ 1871 ਈ ਨੂੰ ਫੱਲੋਆਂ ਦੀ ਕੋਠੀ, ਜਿੱਥੇ ਰਾਇਕੋਟ ਬੁੱਚੜ ਕੇਸ ਵਾਲੇ ਸਿਘਾਂ ਤੇ ਜੇ ਡਬਲਯੂ ਮੈਕਨਾਬ, ਡਿਸਟ ਜੱਜ ਦੀ ਕਚਿਹਰੀ ਵਿਚ ਕਤਲਾਂ ਦੇ ਮੁਕੱਦਮੇ ਚੱਲ ਰਹੇ ਸਨ, ਸ੍ਰੀ ਸਤਿਗੁਰੂ ਰਾਮ ਸਿਘ ਜੀ ਵੀ 36 ਹੋਰਨਾਂ ਨਾਮਧਾਰੀ ਸਿਘਾਂ ਸਮੇਤ ਪਹੁੰਚੇ ਅਤੇ ਸਰਕਾਰ ਦਾ ਮਨੋਰਥ ਆਪਣੇ ਪੜ੍ਹਾਏ ਹੋਏ ਗਵਾਹਾਂ ਤੋਂ ਸਤਿਗੁਰੂ ਜੀ ਵਿਰੁੱਧ ਝੂਠ-ਮੂਠ ਬਕਵਾ ਕੇ ਇਹ ਸਿੱਧ ਕਰਨਾ ਸੀ ਕਿ ਨਾਮਧਾਰੀ ਸਿਘਾਂ ਨੇ ਬੁੱਚੜ ਮਾਰਨ ਦੇ ਕਾਰੇ ਆਪ ਜੀ ਦੇ ਹੁਕਮਾਂ ਮੁਤਾਬਿਕ ਕੀਤੇ ਹਨ। ਸਤਿਗੁਰੂ ਜੀ ਨੇ ਫੱਲੋਆਂ ਪਹੁੰਚ ਕੇ ਦਲ ਸਿਘ ਵਾਅਦਾ ਮੁਆਫ਼ ਗਵਾਹ, ਬਾਕੀ ਝੂਠੇ ਗਵਾਹਾਂ ਅਤੇ ਖਾਸ ਕਰਕੇ ਗੁਲਾਬ ਸਿਘ ਦੇ ਝੂਠਾਂ ਦੇ ਖੂਬ ਪਾਜ ਖੋਹਲੇ। (ਹਵਾਲਾ ਸੈਸ਼ਨ ਜੱਜ ਵਾਲੀ ਮਿਸਲ)।[6]

5 ਅਗਸਤ 1871 ਈ ਨੂੰ ਬੁੱਚੜਖਾਨੇ ਦੇ ਨਾਲ ਹੀ ਵਾਲੀ ਗੌੜ ਕੇ ਰਾਇਕੋਟ ਵਿਖੇ ਪਿੱਥੋ

ਪਿੰਡ ਦੇ ਤਿੰਨ ਸਿੱਖਾਂ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ ਨੂੰ ਫਾਂਸੀਆਂ ਤੇ ਲਟਕਾ ਕੇ ਸ਼ਹੀਦ ਕਰ ਦਿਤਾ ਗਿਆ।

ਏਨੀਆਂ ਸ਼ਹਾਦਤਾਂ ਨਾਲ ਵੀ ਅਜੇ ਪੰਜਾਬ ਦੀ ਅੰਗਰੇਜ਼ ਸਰਕਾਰ ਦਾ ਹਿਰਦਾ ਸ਼ਾਂਤ ਨਹੀਂ ਸੀ ਹੋਇਆ। ਸਤਿਗੁਰੂ ਜੀ ਨੂੰ ਫਸਾਉਣ ਵਿਚ ਅਸਫਲ ਰਹਿਣ ਬਾਅਦ ਉਹਨਾਂ ਨੇ ਹਿਠਾੜ ਸਤਲੁਜ ਦੇ ਇਲਾਕੇ ਵਿਚ ਇਕ ਮਹੱਤਵਪੂਰਨ ਕੂਕਾ ਪ੍ਰਚਾਰਕ ਜੋ ਕੂਕਿਆਂ ਦੇ ਆਪਸੀ ਝਗੜੇ ਨਿਬੇੜਣ ਲਈ ਹਮੇਸ਼ਾ ਚਲਦਾ ਫਿਰਦਾ ਰਹਿੰਦਾ ਸੀ ਅਤੇ ਅਦਾਲਤੀ ਸੂਬਾ ਕਹਿਲਾਉਂਦਾ ਸੀ ਗਿਆਨੀ ਸਿੰਘ ਜਾਂ ਗਿਆਨਾ ਸਿੰਘ ਜਿਹਦਾ ਅਸਲ ਨਾਂ ਰਤਨ ਸਿੰਘ ਪਿੰਡ ਮੰਡੀ ਕਲਾਂ, ਉਮਰ 35 ਸਾਲ ਅਤੇ ਦੂਜਾ ਇਸੇ ਸੂਬੇ ਦਾ ਨਾਇਬ ਸੂਬਾ ਰਤਨ ਸਿੰਘ ਜਾਤ ਨਾਈ ਪਿੰਡ ਨਾਈਵਾਲਾ, ਉਮਰ 29 ਸਾਲ, ਇਸ ਮੁਕੱਦਮੇ ਵਿਚ ਫਸਾਏ ਗਏ ਕਿ ਰਾਇਕੋਟ ਦੇ ਬੁੱਚੜਾਂ ਦੇ ਕਤਲਾਂ ਲਈ ਉਕਸਾਉਣ ਵਾਲੇ ਇਹ ਦੋਵੇਂ ਰਤਨ ਸਿੰਘ ਹਨ। ਸੈਸ਼ਨ ਜੱਜ ਮੈਕਨੇਬ ਨੇ ਦੇਸੀ ਤਿੰਨਾਂ ਅਫ਼ਸਰਾਂ ਦੀ ਪ੍ਰੋੜਤਾ ਤੋਂ ਬਾਅਦ, ਦੋਹਾਂ ਰਤਨ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਕੇ ਮਿਸਲ 30 ਅਕਤੂਬਰ 1871 ਨੂੰ ਚੀਫ ਕੋਰਟ ਨੂੰ ਭੇਜ ਦਿੱਤੀ। ਇਹ ਮੁਕੱਦਮਾ ਚੀਫ ਕੋਰਟ ਦੇ ਤਿੰਨ ਜੱਜਾਂ, ਸੀ ਬੋਲੋਨੋਸ, ਸੀ ਆਰ ਲਿੰਡਸੇ ਅਤੇ ਜੇ ਸੀ ਕੈਮਪਬੇਲ ਦੇ ਬੈਂਚ ਸਾਹਮਣੇ ਪੇਸ਼ ਹੋਇਆ।

ਜੱਜ ਬੋਲੋਨੋਸ ਨੇ ਹਰ ਨੁਕਤੇ ਤੇ ਬੜੀ ਹੀ ਸਿਆਣਪ ਅਤੇ ਖੋਜ ਨਾਲ ਬਹਿਸ ਕੀਤੀ। ਉਸਨੇ ਲਿਖਿਆ ਕਿ ਸੈਸ਼ਨ ਜੱਜ ਨੇ ਰਤਨ ਸਿੰਘ ਨਾਈਵਾਲੀਏ ਦੇ ਬਿਆਨ ਨੂੰ ਗੁਆਹੀ ਬਣਾ ਕੇ ਗਿਆਨੀ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਹੈ। ਇਹ ਕਾਨੂੰਨ ਅਤੇ ਫੌਜਦਾਰੀ ਮੁਕੱਦਮੇ ਦੀ ਕਾਰਵਾਈ ਦੀ ਰੀਤ ਦੇ ਸਖ਼ਤ ਵਿਰੁੱਧ ਹੈ। ਦੋਨੋਂ ਮੁਲਜ਼ਮਾਂ ਉੱਤੇ ਇਕੱਠੇ ਹੀ ਇਕ ਜੁਰਮ ਵਿਚ, ਇਕ ਹੀ ਮੈਜਿਸਟਰੇਟ ਸਾਹਮਣੇ ਇਕੱਠਾ ਮੁਕੱਦਮਾ ਚਲ ਰਿਹਾ ਹੈ ਇਸ ਲਈ ਜੋ ਕੁਝ ਵੀ ਰਤਨ ਸਿੰਘ ਨਾਈਵਾਲਾ, ਗਿਆਨੀ ਦੇ ਵਿਰੁਧ ਕਹਿੰਦਾ ਹੈ, ਕਾਨੂੰਨ ਅਨੁਸਾਰ ਉਸਨੂੰ ਗੁਆਹੀ ਨਹੀਂ ਤਸਲੀਮ ਕੀਤਾ ਜਾ ਸਕਦਾ। ਜੱਜ ਸਾਹਿਬ ਨੇ ਗੁਲਾਬ ਸਿੰਘ, ਦੀਦਾਰ ਸਿੰਘ ਸਾਧ ਮੌੜਾਂ ਵਾਲਾ, ਗੁਰਦਿੱਤ ਸਿੰਘ, ਰਾਮ ਕੌਰ, ਦਲ ਸਿੰਘ ਦੀਆਂ ਗੁਆਹੀਆਂ ਦੇ ਝੂਠ ਸੱਚ ਨੂੰ ਖ਼ੂਬ ਨਿਤਾਰਿਆ। ਇਥੋਂ ਤੱਕ ਲਿਖਿਆ ਕਿ ਦਲ ਸਿੰਘ ਤੇ ਰਾਮ ਕੌਰ ਆਪਣੇ ਆਪ ਨੂੰ ਬਚਾਉਣ ਲਈ ਗਿਆਨੀ ਦੇ ਖਿਲਾਫ ਐਸੀ ਗੁਆਹੀਆਂ ਦੇਂਦੇ ਹਨ, ਜੋ ਸੱਚ ਮੰਨੀਆਂ ਹੀ ਨਹੀਂ ਜਾ ਸਕਦੀਆਂ। ਇਹ ਵੀ ਲਿਖਿਆ ਕਿ ਪੁਲਿਸ ਗੁਆਹਾਂ ਨੂੰ ਬਿਆਨ ਪੜ੍ਹਾਉਂਦੀ ਸਿਖਾਉਂਦੀ ਹੈ।

ਗੁਲਾਬ ਸਿੰਘ ਦੀ ਗੁਆਹੀ ਸਬੰਧੀ ਜੱਜ ਨੇ ਲਿਖਿਆ ਕਿ ਇਹ ਗੁਆਹ ਗਿਆਨੀ ਸਿੰਘ ਦੇ ਖਿਲਾਫ ਬੜੀ ਸਖ਼ਤ ਗੁਆਹੀ ਦੇਂਦਾ ਹੈ। ਅਤੇ ਐਸੀ ਸੂਰਤ ਵਿਚ ਇਸ ਦੀ ਗੁਆਹੀ ਵਿਚ ਉਹ ਸਾਰੀਆਂ ਉਕਾਈਆਂ ਅਤੇ ਤਰੁਟੀਆਂ ਮੌਜੂਦ ਹਨ, ਜੋ ਐਸੇ ਗੁਆਹਾਂ ਦੀਆਂ ਗੁਆਹੀਆਂ ਵਿਚ



NamdhariElibrary NamdhariElibrary@gmail.com

ਹੁੰਦੀਆਂ ਹਨ। ਲਿਊਣ ਸਿੰਘ ਅਤੇ ਕਾਲਾ ਸਿੰਘ ਦੀਆਂ ਗੁਆਹੀਆਂ ਗਿਆਨੀ ਦੇ ਖਿਲਾਫ਼ ਨਹੀਂ ਜਾਂਦੀਆਂ।[7]

ਅਖੀਰ ਵਿਚ ਉਪਰੋਕਤ ਜੱਜ ਦੋਹਾਂ ਨੂੰ ਮੌਤ ਦੀ ਬਜਾਏ ਕਾਲੇ ਪਾਣੀ ਦੀ ਸਜ਼ਾ ਦੀ ਸਿਫ਼ਾਰਸ਼ ਕਰਦਾ ਹੈ ਪ੍ਰੰਤੂ ਚੀਫ ਕੋਰਟ ਦੇ ਬਾਕੀ ਜੱਜਾਂ ਨੇ ਮੁਕੱਦਮੇ ਨੂੰ ਨੀਮ ਸਿਆਸੀ ਸ਼ਕਲ ਦੇ ਕੇ ਸੈਸ਼ਨ ਕੋਰਟ ਵਾਲੀਆਂ ਮੌਤ ਦੀਆਂ ਸਜ਼ਾਵਾਂ ਬਹਾਲ ਰੱਖੀਆਂ ਅਤੇ 26 ਨਵੰਬਰ 1871 ਨੂੰ ਗੁਰੂ ਕੇ ਇਹ ਦੋਵੇਂ ਵੱਡੇ, ਛੋਟੇ ਸੂਬੇ ਲੁਧਿਆਣਾ ਜਿਹਲ ਦੇ ਬਾਹਰ ਫਾਂਸੀਆਂ ਤੇ ਲਟਕਾ ਕੇ ਸ਼ਹੀਦ ਕਰ ਦਿਤੇ ਗਏ ਇਹਨਾਂ ਦੋਹਾਂ ਗੌਰਵ ਸੂਬਿਆਂ ਨੂੰ ਕਤਲ ਕੇਸਾਂ ਵਿਚ ਉਲਝਾ ਕੇ, ਬੇਦੋਸ਼ਿਆਂ ਨੂੰ ਫਾਂਸੀ ਲਾਏ ਜਾਣ ਤੇ, ਬੇਅਦਾਲਤੀ ਕਾਰਵਾਈ ਕਰਨ ਤੇ, ਸਮੂੰਹ ਨਾਮਧਾਰੀ ਸੰਗਤ ਅਤੇ ਵਿਸ਼ੇਸ਼ ਕਰਕੇ ਭਾਈ ਹੀਰਾ ਸਿੰਘ, ਲਹਿਣਾ ਸਿੰਘ ਦੇ ਮਸਤਾਨਾ ਦਲ ਵਿਚ ਵਿਆਪਕ ਰੋਹ ਫੈਲ ਗਿਆ ਅਤੇ ਇਊਂ ਇਹ ਦੋਵੇਂ ਕਤਲ ਸਾਕਾ ਮਲੇਰਕੋਟਲਾ ਦਾ ਇਕ ਕਾਰਨ ਵੀ ਬਣ ਗਏ। ਮਸਤਾਨੇ ਸਿੰਘਾਂ ਅਤੇ ਉਪਰੋਕਤ ਸੂਬਾ ਗਿਆਨੀ ਸਿੰਘ ਅਤੇ ਹੋਰ ਸੂਬਿਆਂ ਵਿਚ ਦਾਅ ਪੇਚਕ ਮਸਲਿਆਂ ਵਿਚ ਕੁਝ ਮਤਭੇਦ ਵੀ ਉਤਪੰਨ ਹੋ ਜਾਂਦੇ ਸਨ। ਪ੍ਰੰਤੂ ਜਿਸ ਤਰ੍ਹਾਂ ਮਤਭੇਦ ਹੁੰਦਿਆਂ ਵੀ ਸ਼ਹੀਦ ਭਗਤ ਸਿੰਘ ਹੋਰਾਂ ਨੇ ਸਾਂਡਰਸ ਹੱਥੋਂ ਲਾਲਾ ਲਾਜਪਤ ਰਾਇ ਦੀ ਬੇਪਤੀ ਦਾ ਬਦਲਾ ਸਕਾਟ ਨੂੰ ਕਤਲ ਕਰ ਕੇ ਲਿਆ ਸੀ ਇਵੇਂ ਹੀ ਮਸਤਾਨਿਆਂ ਨੇ ਖੁੱਲਮ ਖੁੱਲ੍ਹਾ ਕਹਿਣਾ ਸ਼ੁਰੂ ਕਰ ਦਿਤਾ ਸੀ ਕਿ ਉਹ ਜਦੋਂ ਤੱਕ ਗਿਆਨੀ ਸਿੰਘ ਦੀ ਮੌਤ ਦਾ ਬਦਲਾ ਨਹੀਂ ਲੈਂਦੇ ਟਿਕ ਕੇ ਨਹੀਂ ਬੈਠ ਸਕਦੇ। ਗਿਆਨੀ ਸਿੰਘ ਅਣਵਿਆਹਿਆ ਸੀ ਅਤੇ ਮਲੇਰਕੋਟਲੇ ਤੇ ਚੜ੍ਹਾਈ ਸਮੇਂ ਰੋਡਾ ਸਿੰਘ ਦੇ ਬਾਰਾਮਾਹ ਅਨੁਸਾਰ ਉਹ ਇਸ ਕਾਰਵਾਈ ਨੂੰ ਗਿਆਨੀ ਸਿੰਘ ਦੀ ਜੰਞ ਚੜ੍ਹਨ ਨਾਲ ਤੁਲਨਾ ਕਰ ਰਹੇ ਸਨ।

"ਰੋਡਾ ਸਿੰਘ ਗੁਰ ਰਚਿਆ ਭਾਣਾ।
ਸਿੰਘ ਕਰਦੇ ਸੈਰ ਵਿਡਾਣਾ।
ਕਹਿੰਦੇ ਮਲੇਰਕੋਟਲੇ ਧਾਣਾ।
ਜੰਵੇ ਗਿਆਨ ਸਿੰਘ ਦੀ ਜਾਣਾ।
ਬਦਲਾ ਲੈਣਾ ਖਾਸ ਪਰਾਣਾ।
ਇਹ ਮਨ ਵਿਚਾਰਦੇ।"

ਇਸ ਸਮੇਂ ਦੇ ਉਚ ਅੰਗਰੇਜ਼ ਅਧਿਕਾਰੀ ਜਿਹਨਾਂ ਦੇ ਕਾਰਜ ਖੇਤਰ ਵਿਚ ਭੈਣੀ ਸਾਹਿਬ ਆਉਂਦਾ ਸੀ, ਅੰਬਾਲੇ ਦਾ ਕਮਿਸ਼ਨਰ ਮਿਸਟਰ ਮੈਕਨਬ ਅਤੇ ਇਸੇ ਸਰਕਲ ਦਾ ਡੀ ਆਈ ਜੀ ਪੁਲਿਸ ਮਿ. ਮੈਕਐਂਡਰਿਊ ਬੁੱਚੜ ਬੱਧ ਸਾਕਿਆਂ ਦੇ ਸਬੰਧ ਵਿਚ ਗੁਰੂ ਰਾਮ ਸਿੰਘ ਜੀ ਨੂੰ ਇਸ ਵਿਚ ਲਪੇਟਦੇ ਹੋਏ, ਕੂਕਿਆਂ ਦੇ ਸਿਆਸੀ ਮਿਸ਼ਨ 'ਦੇਸ਼-ਆਜ਼ਾਦੀ' ਬਾਰੇ, ਕ੍ਰਮਵਾਰ 4 ਅਤੇ 20

NamdhariElibrary NamdhariElibrary@gmail.com

ਨਵੰਬਰ 1871 ਨੂੰ ਪੰਜਾਬ ਸਰਕਾਰ ਨੂੰ ਆਪਣੀਆਂ ਇਤਿਹਾਸਕ ਮਹੱਤਵ ਵਾਲੀਆਂ ਰਿਪਰਟਾਂ ਭੇਜਦੇ ਹਨ।

ਮੈਕਨਬ ਆਪਣੀ ਰਿਪੋਰਟ ਇਉਂ ਸ਼ੁਰੂ ਕਰਦਾ ਹੈ -

"ਸ਼ੁਰੂ ਵਿਚ ਭਾਵੇਂ ਇਸ ਲਹਿਰ ਦੇ ਆਗੂਆਂ ਦੇ ਇਰਾਦੇ ਕੁਝ ਭੀ ਹੋਵਣ, ਪਰ ਹੁਣ ਇਸ ਲਹਿਰ ਦਾ ਝੁਕਾਉ ਸਾਫ਼ ਤੌਰ ਤੇ ਰਾਜਸੀ ਹੈ। .....

ਗੁਰੂ ਰਾਮ ਸਿੰਘ ਸਾਧੂ ਫਕੀਰਾਂ ਵਾਗੂੰ ਨਹੀ ਰਹਿਦਾ। ਜਦ ਕਦੀ ਭੀ ਉਹ ਕਿਸ ਅਫਸਰ ਨੂੰ ਮਿਲੇ, ਤਦ ਰਾਜਿਆਂ ਵਾਂਗਰ, ਕਈ ਘੋੜਸਵਾਰ ਅਤੇ ਬਹੁਤ ਸਾਰ ਪੈਦਲ ਉਸਦੀ ਅਰਦਲ ਵਿੱਚ ਹੁੰਦੇ ਹਨ ਅਫਸਰ ਦੇ ਕਮਰੇ ਵਿਚ ਵੀ, ਰਾਜਿਆ ਦੇ ਨਾਲ ਦੇ ਦਰਬਾਰੀਆਂ ਵਾਂਗੂਰ, ਉਸ ਨਾਲ ਕਈ ਆਦਮੀ ਅੰਦਰ ਆਉਂਦੇ ਹਨ। ਉਸਦੇ ਆਪਣੇ ਅਤੇ ਨਾਮਧਾਰੀਆਂ ਦ ਪਹਿਨੇ ਹੋਏ ਬਸਤਰ ਬਹੁਤ ਹੀ ਸੁਹਣੇ ਅਤੇ ਸਫੈਦ ਰੰਗ ਦੇ ਹੁੰਦੇ ਹਨ। ' ਬੁੱਚੜਾਂ ਦੇ ਕਤਲਾਂ ਦੇ ਮੁਕੱਦਮਿਆਂ ਦੀਆਂ ਗੁਆਹੀਆਂ ਤੋਂ ਇਹੋ ਨਤੀਜਾ ਨਿਕਲਦਾ ਹੈ ਕਿ ਗੁਰੂ ਰਾਮ ਸਿੰਘ ਹੀ ਸਾਰੀਆਂ ਗੱਲਾਂ ਦਾ ਆਧਾਰ ਸੀ ।....

"ਗੁਰੂ ਰਾਮ ਸਿੰਘ ਇਕ ਐਸੇ ਫਿਰਕੇ ਦਾ ਅਸਲੀ ਅਤੇ ਨਾਮਾਵਲੀ ਆਗੂ ਹੈ, ਜੋ ਖਾਲਸਾ ਰਾਜ ਨੂੰ ਮੁੜ ਸਰਜੀਤ ਕਰਨ ਦੀ ਆਸ ਵਿਚ ਅੰਗਰੇਜ਼ੀ ਹਕੂਮਤ ਦਾ ਦੁਸ਼ਮਣ ਹੈ। ਇਹ ਇਕ ਐਸੇ ਫਸਾਦੀ ਫਿਰਕੇ ਦਾ ਇਕ ਮਾਤਰ ਆਗੂ ਅਤੇ ਹਾਕਮ ਹੈ, ਜਿਸ ਫਿਰਕੇ ਦੇ ਆਦਮੀਆਂ ਨੇ ਪੰਜਾਬ ਦੇ ਇਸ ਹਿੱਸੇ ਵਿਚ ਰਹਿਣ ਵਾਲੇ ਸਾਰੇ ਬੁੱਚੜਾਂ ਨੂੰ ਕਤਲ ਕਰਨ ਦੀਆਂ ਗੋਂਦਾਂ ਗੁੰਦੀਆਂ ਹੋਈਆਂ ਹਨ। .. "

"ਸਰਕਾਰੀ ਤੌਰ ਤੇ ਮਨਜ਼ੂਰ ਹੋਈਆਂ ਖਾਸ ਥਾਵਾਂ ਤੇ, ਆਪਣਾ ਵਪਾਰ ਕਰਦੇ ਹੋਏ ਬੁੱਚੜਾਂ ਦਾ ਅਨੋਖੜਾਂ ਦੇ ਹੱਥੋਂ ਕਤਲ ਕੀਤੇ ਜਾਣਾ, ਸਰਕਾਰ ਦੇ ਹੁਕਮਾਂ ਅਤੇ ਹਕੂਮਤ ਦੀ ਖੁੱਲ੍ਹਮ ਖੁੱਲ੍ਹੀ ਵਿਰੋਧਤਾ ਸਾਡੀ ਹਕੂਮਤ ਲਈ ਕਦੀ ਨਾ ਕਦੀ ਬੜੀ ਖਤਰਨਾਕ ਸਾਬਤ ਹੋਵੇਗੀ। ਮੁਲਕ ਦੇ ਅੰਦਰੂਨੀ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਲਈ ਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਐਸੀ ਜਗ੍ਹਾ ਰੱਖਿਆ ਜਾਵੇ, ਜਿੱਥੇ ਉਸਦੇ ਸ਼ਰਧਾਲੂਆਂ ਵਿਚੋਂ ਕੋਈ ਭੀ ਉਸਨੂੰ ਨਾ ਮਿਲ ਸਕੇ। ਉਸਦੇ ਸੂਬਿਆਂ ਨੂੰ ਉਹਨਾਂ ਦੇ ਪਿੰਡੀਂ ਨਜ਼ਰਬੰਦ ਕੀਤਾ ਜਾਵੇ ਅਤੇ ਕੂਕਿਆਂ ਦੇ ਦੀਵਾਨ ਮੇਲੇ ਤੇ ਇਕੱਤਰਤਾਵਾਂ ਹੁਕਮਨ ਬੰਦ ਕਰ ਦਿੱਤੀਆਂ ਜਾਣ।"

ਮੈਕਐਂਡਰੀਊ ਬੁੱਚੜਾਂ ਦੇ ਕਤਲਾਂ ਵਿਚ ਗੁਰੂ ਰਾਮ ਸਿੰਘ ਨੂੰ ਉਤਪਰੇਰਕ ਤਾਂ ਮੰਨਦਾ ਹੈ



Namdhari Elibrary NamdhariElibrary@gmail.com

ਪਰ ਇਹਨਾਂ ਮਾਮਲਿਆਂ ਵਿਚ ਗੁਰੂ ਰਾਮ ਸਿੰਘ ਨੂੰ ਉਲਝਾਉਣ ਤੋਂ ਬਗੈਰ ਹੀ ਹਕੂਮਤ ਦੀ ਸਿਆਸੀ ਲੋੜ ਅਤੇ ਅਮਨ ਕਾਇਮ ਰੱਖਣ ਦੇ ਨਾਮ ਤੇ ਗੁਰੂ ਰਾਮ ਸਿੰਘ ਨੂੰ ਦੇਸ ਨਿਕਾਲਾ ਦੇ ਦੇਣਾ ਚਾਹੁੰਦਾ ਹੈ। ਪੰਜਾਬ ਦਾ ਲਾਟ ਅਤੇ ਹੋਰ ਉਚ ਅਧਿਕਾਰੀ ਇਹ ਵੀ ਸਮਝਦੇ ਹਨ ਕਿ ਜੇ ਇਹਨਾਂ ਕਤਲਾਂ ਸਬੰਧੀ ਗੁਰੂ ਰਾਮ ਸਿੰਘ ਤੇ ਖੁੱਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਇਆ, ਜੋ ਸਬੂਤਾਂ ਦੀ ਕਮੀ ਦੇ ਆਧਾਰ ਤੇ ਸਿਰੇ ਨਾ ਚੜ੍ਹ ਸਕਿਆ ਤਾਂ ਉਸਦੇ ਚੇਲਿਆਂ ਵਿਚ ਗੁਰੂ ਰਾਮ ਸਿੰਘ ਦੀ ਜੈ ਜੈਕਾਰ ਵਧ ਜਾਵੇਗੀ। ਇਸ ਲਈ ਉਹ ਬੰਗਾਲ ਰੈਗੂਲੇਸ਼ਨ 1818 ਦੀ ਧਾਰਾ 3 ਦੇ ਅਧੀਨ ਕਾਰਵਾਈ ਲਈ ਹੀ ਮਨ ਬਣਾ ਬੈਠੇ ਹਨ।

ਦੂਜੇ ਪਾਸੇ, ਸਰਕਾਰ ਦੀਆਂ ਚਿੜਾਉਣ ਵਾਲੀਆਂ ਕਾਰਵਾਈਆਂ, ਸਤਿਗੁਰੂ ਜੀ ਨੂੰ ਝੂਠੇ ਗਵਾਹਾਂ ਦੁਆਰਾ ਫਸਾਉਣ ਦੀਆਂ ਸਾਜਿਸ਼ਾਂ ਤੋਂ ਨਾਮਧਾਰੀ ਸਿੱਖ ਵੀ ਤੰਗ ਆ ਚੁੱਕੇ ਸਨ। ਇਸ ਸਥਿਤੀ ਦਾ ਵਿਸ਼ਲੇਸ਼ਣ ਭਾਈ ਨਾਹਰ ਸਿੰਘ ਬੜੇ ਸਟੀਕ ਸ਼ਬਦਾਂ ਵਿਚ ਕਰਦੇ ਹਨ -

"ਇਨ੍ਹਾਂ ਰਿਪੋਰਟਾਂ ਦੇ ਆਧਾਰ ਤੇ ਕੂਕਿਆਂ ਦੇ ਦੀਵਾਨ ਅਤੇ ਮੇਲੇ ਲਾਉਣੇ ਬੰਦ ਕਰ ਦਿਤੇ ਗਏ ਅਤੇ ਇਸ ਹੁਕਮ ਤੇ ਸਖ਼ਤੀ ਨਾਲ ਅਮਲ ਹੋਵਣ ਲੱਗਾ। ਨਾਮਧਾਰੀਆਂ ਨੇ ਧਰਮ ਅਤੇ ਸਮਾਜ ਸੁਧਾਰ ਦਾ ਪਰਚਾਰ ਕਰਨ ਤੇ ਐਸੀਆਂ ਪਾਬੰਦੀਆਂ ਲੱਗਣ ਕਾਰਣ ਵਿਦੇਸ਼ੀ ਸਰਕਾਰ ਨਾਲ ਸਿੱਧੀ ਟੱਕਰ ਲੈਣ ਦੇ ਫੈਸਲੇ ਕਰ ਲਏ। ਸਰਕਾਰ ਦੇ ਅਯੋਗ ਹੁਕਮਾਂ ਦੀ ਉਲੰਘਣਾ ਕਰਨ ਲਈ ਜਾਨਾਂ ਤਲੀਆਂ ਤੇ ਰੱਖ ਲਈਆਂ। ਦੁਖੀ ਹੋਏ, ਅਤੇ ਸਰਕਾਰੀ ਕਰਮਚਾਰੀਆਂ ਦੀਆਂ ਨਿਤ ਨਿਤ ਦੀਆਂ ਸਖ਼ਤੀਆਂ ਝੱਲ ਝੱਲ ਕੇ ਤੰਗ ਆਏ ਹੋਏ, ਬਲਤਰਹੀਣ ਮਾਈਆਂ ਦੇ ਲਾਲਾਂ ਨੇ ਸਿਰ ਦੇ ਕੇ ਸੁਰਖ਼ਰੂ ਹੋਵਣ ਦੇ ਪ੍ਰਣ ਲੈ ਲੀਤੇ।"

ਜਦੋਂ ਸ੍ਰੀ ਸਤਿਗੁਰੂ ਜੀ ਦਾ ਪਰਤਾਪ ਵਧ ਰਿਹਾ ਸੀ ਤਾਂ ਪਟਿਆਲੇ, ਨਾਭ, ਜੀਂਦ, ਫਰੀਦਕੋਟ ਆਦਿ ਸਿੱਖ ਰਿਆਸਤਾਂ ਦੇ ਲੋਕ ਧੜਾਧੜ ਕੂਕੇ ਬਣ ਰਹੇ ਸਨ। ਬਾਬਾ ਕਾਹਨ ਸਿੰਘ ਨਿਹੰਗ ਚੱਕ ਵਾਲੇ ਸੂਬੇ ਦੇ ਪ੍ਰਚਾਰ ਨਾਲ ਪਟਿਆਲਾ ਸ਼ਹਿਰ ਵਿਖੇ ਵੀ ਸਿੱਖੀ ਵਧਣੀ ਸ਼ੁਰੂ ਹੋਈ। ਮਸਤਾਨਾ ਜਥੇ ਦੇ ਆਗੂ ਭਾਈ ਹੀਰਾ ਸਿੰਘ ਦਾ ਪਿਤਾ ਮਹਾਰਾਜਾ ਪਟਿਆਲਾ ਮਹਿੰਦਰ ਸਿੰਘ ਦੇ ਤੋਸ਼ੀ ਖਾਨੇ ਵਿਚ ਸੀ। ਸਰਦਾਰ ਹੀਰਾ ਸਿੰਘ ਮਹਾਰਾਜ ਦੇ ਬਸਤਰਖਾਨੇ ਵਿਚ ਹਾਜ਼ਰ ਬਾਸ਼ ਸੀ। ਹੀਰਾ ਸਿੰਘ ਪਿੰਡ ਸਕਰੌਦੀ ਦੇ ਗਰੇਵਾਲ ਸਰਦਾਰਾਂ ਦੇ ਘਰਾਣੇ ਵਿਚੋਂ ਸੀ। ਉਸਦੀ ਮਾਤਾ ਨੇ ਸੂਬਾ ਗਿਆਨੀ ਸਿੰਘ ਤੋਂ ਭਜਨ ਲਿਆ ਸੀ। ਸਕਰੌਦੀ ਹੀਰਾ ਸਿੰਘ ਦੀ ਮਾਈ ਨੇ ਬਿਕਰਮੀ 1926 ਮੁਤਾਬਿਕ 1869 ਈ. ਦੀ ਦੀਵਾਲੀ ਦੇ ਮੌਕੇ ਤੇ ਮੇਲਾ ਕੀਤਾ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦਿਤੇ। ਇਸ ਤੋਂ ਥੋੜ੍ਹੇ ਸਮੇਂ ਬਾਅਦ ਭਾਈ ਹੀਰਾ ਸਿੰਘ ਪਟਿਆਲੇ ਤੋਂ ਛੁੱਟੀ ਲੈ ਕੇ ਆਇਆ। ਮਾਈ ਦੀ ਸਿਫਾਰਸ਼ ਤੇ ਦਿਆਲ ਗੜ੍ਹ ਭੁਗਾ ਸੁਣਨ ਗਏ ਹੀਰਾ ਸਿੰਘ ਨੂੰ ਚੱਕ ਵਾਲੇ



Namdhari Elibrary NamdhariElibrary@gmail.com

ਸੂਬਾ ਕਾਹਨ ਸਿੰਘ ਨੇ ਭਜਨ ਦੇ ਦਿਤਾ। ਸੂਰਬੀਰ ਸਿੰਘ ਸਜ ਕੇ ਨਾਮ-ਬਾਣੀ ਦੇ ਰੰਗ ਵਿਚ ਰੰਗਿਆ ਗਿਆ। ਰਾਜੇ ਦੀ ਨੌਕਰੀ ਆਪ ਵੀ ਛੱਡ ਦਿਤੀ ਅਤੇ ਸਾਥੀਆਂ ਨੂੰ ਵੀ ਛੁਡਾ ਦਿਤੀ। ਲਹਿਣਾ ਸਿੰਘ, ਅਨੂਪ ਸਿੰਘ ਪਿੰਡ ਦੀ ਚਾਚੇ ਤਾਏ ਦੇ ਪੁੱਤ ਭਰਾ ਨਾਲ ਹੋ ਗਏ। ਦਿਆਲ ਗੜ੍ਹ ਵਾਲੇ ਰੂਪ ਸਿੰਘ, ਵਸਾਵਾ ਸਿੰਘ, ਵਰਿਆਮ ਸਿੰਘ ਵੀ ਹੀਰਾ ਸਿੰਘ ਦੇ ਜਥੇ ਵਿਚ ਸ਼ਾਮਿਲ ਹੋ ਗਏ। ਭਾਈ ਹੀਰਾ ਸਿੰਘ ਆਪਣੇ ਘਰ ਦਾ ਧਨ ਵੀ ਗੁਰਦੁਆਰੇ ਲਿਆ ਕੇ ਸੰਗਤ ਦੀਆਂ ਖੁਸ਼ੀਆਂ ਲੈਣ ਲੱਗ ਪਏ। ਸ਼ਹੀਦੀ ਦੇਗਾਂ ਦੇ ਰਸਤੇ ਲੰਗਰ ਅਤੇ ਦਸਵੇਂ ਪਾਤਸ਼ਾਹ ਦੀਆਂ ਬੀਰ ਰਸੀ ਬਾਣੀਆਂ ਦਾ ਨਿਰੰਤਰ ਪਾਠ ਆਰੰਭ ਹੋ ਗਿਆ। ਫਿਰ, ਰਤੇ ਪਿੰਡ ਜਿਥੇ ਆਪ ਦੇ ਨਾਨਕੇ ਸਨ, ਉਥੋਂ ਦੇ ਕੁਝ ਸਿੰਘਾਂ ਨੂੰ ਵੀ ਆਪਣੇ ਜਥੇ ਵਿਚ ਸ਼ਾਮਿਲ ਕਰ ਲਿਆ

ਮਾਰਚ 1870 ਈ. ਨੂੰ ਆਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੋਂ ਵਾਪਸ ਆ ਕੇ ਰਾਮਦਾਸ ਪੁਰੇ ਸ੍ਰੀ ਭੈਣੀ ਸਾਹਿਬ ਵਿਖੇ ਟਿਕਣ ਦਾ ਸੰਕਲਪ ਹੀਰਾ ਸਿੰਘ ਹੋਰਾਂ ਨੇ ਕਰ ਲਿਆ। ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਹੀਰਾ ਸਿੰਘ ਘਰ ਜਾਉ ਅਤੇ ਹਲ ਵਾਹੋ। ਤਾਂ ਭਾਈ ਹੀਰਾ ਸਿੰਘ ਤੇ ਉਦ ਜਥੇ ਦੇ ਸਿੰਘਾਂ ਦਾ ਜੁਆਬ ਸੀ ਕਿ ਹਲ ਤਾਂ ਅਸੀ ਫੂਕ ਆਏ ਹਾਂ। ਦੀਨ ਦਿਆਲ ਜੀ ਬੋਲਾ ਕੀਤਾ ਤੇਰੀ ਮੈ ਹੋਇ ਕੇ, ਹਲ ਤਾਂ ਫੂਕ ਦਿੱਤੇ ਹੋ ਤੇ ਕੰਮ ਜੁਲਾਹਿਆਂ ਦਾ ਕਰੋਗੇ? ਜਾਓ ਇਕ ਵਾਰ ਸਕਰੌਦੀ। ਨਾਲ ਜਨਾਨੇ ਆਏ ਹੋਏ ਸੇ, ਨਾਲ ਹੀਰਾ ਸਿੰਘ ਕੀ ਮਾਈ, ਤਿਨ੍ਹਾਂ ਨੇ ਭੀ ਕਿਹਾ ਜੀ ਇਹਨਾਂ ਨੂੰ ਭੇਜੋ, ਜਾਂਦੇ ਨਹੀਂ ਹੈਂ। ਸ੍ਰੀ ਸਤਿਗੁਰੂ ਜੀ ਕਾ ਬਚਨ ਮੰਨ ਕੇ ਫਿਰ ਗਏ ਸਕਰੌਦੀ।

"ਭਾਈ ਹੀਰਾ ਸਿੰਘ ਕਾ ਸਰੀਰ ਦਰਮਿਆਨਾ ਸੀ। ਚੌਗਿਰਦ ਦਾੜ੍ਹਾ ਘਰਦਾਰ। ਜਦ ਬੋਲਦੇ ਹੈ ਤਾਂ ਮਾਨੋ ਧਰਤੀ ਨਾਲ ਬੋਲਦੀ ਹੈ। ਚਾਲੀ ਸੇਰਾ ਕੇ ਮਹਰਾਜ ਬੋਲਾ ਕਰਦੇ ਹੈ ਜਾਂਕੇ ਕੋਈ ਰੰਜਸ਼ ਹੀ ਹੋਵੇ। ਜੋ ਸਿੰਘ ਆਵੇ, ਬੜੇ ਪ੍ਰੇਮ ਨਾਲ ਸੇਵਾ ਕਰਨੀ। ਧਰਮਸਾਲਾ ਬਣਵਾਇ ਕਿ ਵਿਚ ਖੂਹੀ ਲਵਾਇ ਦਿਤੀ, ਆਏ ਗਏ ਵਾਸਤੇ ਬਿਸਰਾਮ ਕੋ। ਸਵਾ-ਪਹਿਰ ਸੇ ਇਸ਼ਨਾਨ ਕਰਨਾ। ਰਾਤ ਦਿਨ ਭਜਨ ਬਾਣੀ ਪੜ੍ਹਨ ਲਗੇ। ਮਾਨ ਸਰੋਵਰ ਸੇ ਹੰਸ ਆਏ ਲੱਥ ਹੈਂ, ਨਾਮ ਕੇ ਮੋਤੀ ਚੁਗਦੇ ਹੈਂ ਕਈਆਂ ਸਿੰਘਾਂ ਦਾ ਜਥਾ ਇਕੱਤਰ ਹੋਇਆ। ਜੋ ਭਾਈ ਹੀਰਾ ਸਿੰਘ ਬਚਨ ਕਰੇ ਸੋਈ ਸਿੰਘਾਂ ਨੇ ਮੰਨਣਾ।"[10]

ਭਾਈ ਹੀਰਾ ਸਿੰਘ ਦੀ ਮਾਈ ਨੇ ਸਕਰੌਦੀ ਮੇਲਾ ਕੀਤਾ ਜਿਸ ਵਿਚ ਸੂਬਾ ਬਿਸ਼ਨ ਸਿੰਘ ਕਾਬਲ ਵਾਲਾ ਅੰਤਰਾ ਸਿੱਖ ਭੀ ਆਇਆ। ਇਸ ਦੀ ਸੇਵਾ ਸਤਿਗੁਰੂ ਜੀ ਨੇ ਰੂਸ ਨਾਲ ਰਾਜਨੀਤਕ-ਸੰਪਰਕ ਕਾਇਮ ਕਰਨ ਲਈ ਲਾਈ ਸੀ। ਬਾਬਾ ਬਿਸ਼ਨ ਸਿੰਘ ਸ਼ਹੀਦੀ ਜਥੇ ਦੇ ਸਿੰਘਾਂ ਨੂੰ ਮਿਲ ਕੇ ਗਦ-ਗਦ ਹੋ ਗਿਆ। ਫਿਰ ਰੰਗਰਤ ਪੁਰ ਦੇ ਸਿੰਘਾਂ ਦੇ ਜੋੜ ਮੇਲ ਤੇ ਇਹ ਸਾਰੇ ਸਿੰਘ ਸੂਬਾ ਬਿਸ਼ਨ ਸਿੰਘ ਸਮੇਤ ਪਹੁੰਚੇ। "ਸ਼ੇਰਾਂ ਵਾਂਗੂ ਗੱਜਦੇ ਰੰਗੜਪੁਰ ਆਏ। ਬਾਬੇ ਬਿਸ਼ਨ ਸਿੰਘ ਨੇ ਅੰਮ੍ਰਿਤ



Namdhari Elibrary NamdhariElibrary@gmail.com

ਤਿਆਰ ਕਰਕੇ ਪੰਜਾਂ ਸਿਘਾਂ  ਭਾਈ ਹੀਰਾ ਸਿਘ, ਭਾਈ ਨੰਦ ਸਿਘ, ਭਾਈ ਲਹਿਣਾ ਸਿਘ, ਅਤਰ ਸਿਘ, ਅਨੂਪ ਸਿਘ ਨੂੰ ਛਕਾਇਆ ਮਰਯਾਦਾ ਨਾਲ। ਪਾਂਚੋਂ ਪਿਆਰੇ ਨਾਮ ਰੱਖਿਆ, ਜਿਹਨਾਂ ਸਿਘਾਂ ਨੇ ਅੰਮ੍ਰਿਤ ਛਕਕੇ ਧਰਮ ਹੇਤ ਸੀਸ ਦੇਣਾ ਹੈ। ਬਾਬੇ ਬਿਸ਼ਨ ਸਿਘ ਜੀ ਬਚਨ ਕੀਤਾ ਗਊ ਗਰੀਬ ਦੇ ਨਮਿਤ ਸੀਸ ਦੇਣਾ ਹੋਗਾ। ਕਿਸੇ ਸ਼ਿਕਸਤ ਨਹੀ ਖਾਣੀ। ਧਰਮ ਜਹਾਜ਼ ਛੁੱਟੇਗਾ। ਪੂਰ ਭਰਨ ਲੱਗੇ ਹੈਂ। ਸਿਘਾਂ ਨੂੰ ਲਾਲੀਆਂ ਚੜ੍ਹ ਗਈਆਂ ਕਿ ਧਰਮ ਹੇਤ ਸਾਡੇ ਸੀਸ ਲੱਗਣਗੇ। ਜੇੜ੍ਹੀ ਕਾਰ ਵਰਤਨੀ ਹੈ ਸਈ ਫੁਰਨਾ ਸਿਘਾਂ ਦੇ ਦਿਲਾਂ ਵਿਚ ਫੁਰਨੇ ਲਗਾ। ਜੰਗ ਦਾ ਫੁਰਨਾ ਹੋਣ ਲਗਾ ਸਿਘਾਂ ਨੂੰ।"[11]

ਭਾਈ ਹੀਰਾ ਸਿਘ ਨੜੀ ਮਾਰਾਂ ਅਤੇ ਸ਼ਰਾਬੀਆਂ ਨੂੰ ਸੋਧਦਾ ਹੋਇਆ ਰਿਆਸਤੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਪਿਤਾ ਦਾ ਨਾਮ ਪੁੱਛਣ ਤੇ ਉਸਨੇ ਸਤਿਗੁਰੂ ਰਾਮ ਸਿਘ ਨਾਮ ਲਿਖਵਾਇਆ। ਥਾਣੇਦਾਰ ਅਚੰਭਿਤ ਹੋਇਆ ਕਿ ਸਢੌਰੇ ਦੇ ਗੜਵਾਲ ਸਰਦਾਰ ਦੇ ਪੁੱਤਰ ਨੂੰ ਕੀ ਹੋ ਗਿਆ ਹੈ। ਉਹ ਜਾਣਦਾ ਸੀ ਜਦੋਂ ਭਾਈ ਹੀਰਾ ਸਿਘ ਦੀ ਸਿਘਣੀ ਨੇ ਗੁਰਮਤ ਧਾਰਨ ਨਾ ਕੀਤੀ ਤਾਂ ਆਪਨੇ ਉਸਨੂੰ ਆਪਣੇ ਵਿਲੱਖਣ ਅੰਦਾਜ਼ ਵਿੱਚ ਤਨਖਾਹ ਲਾ ਦਿੱਤੀ। ਉਹ ਆਪਣੇ ਸਰਦਾਰੀ ਜਗੀਰਦਾਰੀ ਮੂਲ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਸਤਿਗੁਰੂ ਰਾਮ ਸਿਘ ਦੁਆਰਾ ਸਾਜੇ ਪੰਥ ਸੰਤ ਖਾਲਸ ਵਿੱਚ ਨਹੁੰਆਂ ਤੋਂ ਸਿਰ ਤੱਕ ਪਰਿਵਰਤਿਤ ਹੋ ਚੁੱਕੇ ਸਨ। ਉਹ ਨਿਜੀ ਸੰਪਤੀ ਦੇ ਬੰਧਨਾਂ ਤੇ ਝੂਠ ਰਸਮੋ ਰਿਵਾਜਾਂ ਤੋਂ ਵੀ ਪਾਰ ਹੋ ਗਏ ਸਨ।

ਸੂਬਿਆਂ ਨਾਲ ਵੀ ਮਸਤਾਨਿਆਂ ਦੀ ਮਸਤ ਬਿਰਤੀ ਦਾ ਟਕਰਾਉ ਆ ਜਾਂਦਾ ਸੀ। ਇਕ ਸੂਬ ਗਿਆਨੀ ਦੇ ਭਾਈ ਹਰਨਾਮ ਸਿਘ ਨੇ ਖਾਲਸਾਈ ਅਨੁਸ਼ਾਸਨ ਵਿਚ ਕੁਝ ਢਿੱਲ ਵਰਤੀ ਜਿਸ ਤੇ ਮਸਤਾਨਿਆਂ ਨੇ ਅਪ੍ਰੈਲ 1871 ਈ: ਵਿਚ, ਦਮਦਮਾ ਸਾਹਿਬ ਵਿਸਾਖੀ ਤੋ ਮੁੜਦਿਆਂ ਉਸਨੂੰ ਚਾਹਟਾ ਛਕਾ ਦਿਤਾ। ਸੂਬਿਆਂ ਦੇ ਸ਼ਿਕਾਇਤ ਕਰਨ ਤੇ ਸਤਿਗੁਰੂ ਜੀ ਨੇ ਮਸਤਾਨਿਆਂ ਨੂੰ ਆਪ ਹੱਥੀ ਲੰਗਰ ਪ੍ਰਸ਼ਾਦ ਵਰਤਾਇਆ ਅਤੇ ਲੰਗਰ ਪਾਣੀ ਵੀ ਬੰਦ ਕਰ ਦਿੱਤਾ। ਪਰ ਕਰੜੀ ਪ੍ਰੀਖਿਆ ਦਾ ਇਹ ਸਮਾਂ ਉਹਨਾਂ ਨੇ ਬੜੇ ਸਿਦਕ ਨਾਲ ਕੱਟਿਆ। ਸਤਿਗੁਰੂ ਜੀ ਵੀ ਇਸ ਸਮੇਂ ਪੂਰਨ ਤੌਰ ਤੇ ਨਿਰਾਹਾਰ ਰਹੇ। ਅਖੀਰ ਇਕ ਪ੍ਰੇਮੀ ਸਿਘ ਨੇ ਬਖਸ਼ਬੰਦੀ ਕਰਵਾਈ। ਇਸ ਘਟਨਾ ਤੋਂ ਪ੍ਰਭਾਵਿਤ ਹੋ ਪ੍ਰਸਿੱਧ ਪੰਜਾਬੀ ਕਵੀ ਵਿਧਾਤਾ ਸਿਘ 'ਤੀਰ' ਨੇ "ਸਿੱਖੀ ਸਿਦਕ" ਨਾਂ ਦੀ ਇਕ ਮਨੋਹਰ ਕਵਿਤਾ ਲਿਖੀ ਸੀ ਜਿਸਦੀਆਂ ਅੰਤਿਮ ਤੁਕਾਂ ਸਨ

**ਤੀਰ ਇਹ ਹੈ ਪ੍ਰੇਮ ਦੀ ਉਚ ਸਾਖੀ**
**ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ।**
**ਸਿੱਖ ਅੰਨ ਦੇ ਬਿਨਾਂ ਜੇ ਮਰੇ ਭੁੱਖਾ**
**ਬੁਰਕੀ ਗੁਰੂ ਦੇ ਮੂੰਹ ਦੀ ਲੋਚਦੀ ਨਹੀਂ।**



Namdhari Elibrary NamdhariElibrary@gma com

ਅਰਾਮੇ ਪਰਤਾਅ, ਭਾਈ ਬਖਤੌਰ ਪੁੱਜੇ। ਮਸਤਾਨਿਆਂ ਨੇ ਆਇ ਸਤਿਗੁਰਾਂ ਨੂੰ ਫਤੇਹ ਬੁਲਾਈ। ਸੱਜ ਪੱਟ ਪਰ ਹੀਰਾ ਸਿੰਘ ਨੂੰ, ਖੱਬੇ ਪੱਟ ਪਰ ਲਹਿਣਾ ਸਿੰਘ ਨੂੰ ਬਹਾਇ ਕੇ ਥਾਪੀ ਦਿੱਤੀ ਗੁਰੂ ਜੀ ਬਚਨ ਕੀਤਾ, "ਜੇ ਕਰ ਮਾਤੇ ਹਾਂ ਮਾਤੇ ਸੰਗਲੇ ਨਾਲ ਵੀ ਇਤਨੀ ਕਰੀਏ ਤਾਂ ਉਹ ਭੀ ਨਹੀਂ ਸਹਾਰ ਸਕਦਾ। ਦੇਖੋ, ਇਹ ਸਰਦਾਰਾਂ ਕੇ ਪੁੱਤਰ ਹੈਂ। ਫਰ ਵੀ ਮੁੱਖ ਨਹੀ ਮੜਦੇ ਹੈਂ।"[12]

ਦੀਵਾਲੀ 1871 ਈ. ਤੋਂ ਬਾਅਦ ਬਾਹੋਵਾਲ ਜੀ ਵਾਲੀ ਹੀਰਾ ਸਿੰਘ ਹਰਾਂ ਦਾ ਫਿਰ ਸ੍ਰੀ ਭੈਣੀ ਸਾਹਿਬ ਆਉਣ ਦਾ ਜਿਕਰ ਕਰਦੇ ਲਿਖਦੇ ਹਨ "ਹੀਰਾ ਸਿੰਘ ਅਰ ਮਸਤਾਨ ਫਰ ਆਏ ਰਾਮਦਾਸ ਪੁਰੇ ਸਾਹਿਬ। ਸਵੈਯੇ ਪੜ੍ਹਦੇ ਹੈ –

'ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ।
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜਿਆਰੈ।
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ।'"

-ਦਸਮ ਗ੍ਰੰਥ ਸ੍ਰੀ ਕਿਸਨ ਅਵਤਾਰ, ਸਵੈਯਾ-2492

ਗੁਰੂ ਮਹਿਲ ਮਾਤਾ ਜੱਸਾਂ ਨਵੰਬਰ 1871 ਈ. ਵਿਚ ਚੜ੍ਹਾਈ ਕਰ ਗਏ ਸਨ। ਉਹਨਾਂ ਨਮਿਤ ਅਤੇ ਅੰਮ੍ਰਿਤਸਰ, ਰਾਏਕੋਟ, ਲੁਧਿਆਣੇ ਬੁੱਚੜਬੰਧ ਸਾਕਿਆਂ ਨਾਲ ਸਬੰਧਿਤ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਨਮਿਤ ਆਉਣ ਵਾਲੀ ਮਾਘੀ ਦੇ ਮੇਲ ਤੇ ਸ੍ਰੀ ਭੈਣੀ ਸਾਹਿਬ ਪਾਠਾਂ ਦਾ ਭੋਗ ਪਾਏ ਜਾਣ ਦੀਆਂ ਖਬਰਾਂ ਸਰਬੱਤ ਖਾਲਸਾ ਜੀ ਨੂੰ ਭੇਜੀਆਂ। ਸਾਰੇ ਮੁਖੀ ਸਿੰਘਾਂ, ਸੂਬ ਸਾਹਿਬਾਨ ਸਮੇਤ, ਦੋ ਕੁ ਹਜਾਰ ਸਿੰਘਾਂ ਦਾ ਇਕੱਠ ਲੋਹੜੀ 1872 ਈ. ਦੇ ਪੁਰਬ ਤੇ ਸ੍ਰੀ ਭੈਣੀ ਸਾਹਿਬ ਹੋ ਗਿਆ। ਜਿਸ ਬਾਰੇ ਮਸਤਾਨੇ ਸਿੰਘ ਪਹਿਲੋਂ ਹੀ ਬੋਲਾ ਕਰ ਚੁੱਕੇ ਸਨ ਕਿ ਇਹ ਲੋਹੜੀ ਨਹੀ ਲੋਹੜਾ ਵਰਤੇਗਾ। ਮਸਤਾਨੇ ਜਥੇ ਦੇ ਬਹੁਤ ਸਾਰੇ ਸਿੰਘਾਂ ਨੇ ਜਿਹਨਾਂ ਵਿੱਚੋਂ ਸਕਰੌਦੀ ਦੇ 13 ਸਿੰਘ ਸ਼ਾਮਲ ਸਨ, ਆਪਣੀਆਂ ਜਮੀਨਾਂ ਵੇਚ ਦਿੱਤੀਆਂ ਸਨ। ਸ੍ਰੀ ਸਤਿਗੁਰੂ ਜੀ ਨੇ ਕਾਹਨ ਸਿੰਘ ਬਾਜਾ ਨੂੰ ਦਰਵਾਜਾ ਬਨਾਉਣ ਤੋਂ ਰੋਕ ਦਿੱਤਾ ਸੀ। ਸ੍ਰੀ ਮੰਗਲ ਸਿੰਘ ਬਿਸਨਪੁਰੀਏ ਨੇ ਆਵੀ ਚੜ੍ਹਾਈ ਸੀ ਆਪਣੇ ਪਿੰਡ ਮਕਾਨ ਬਨਾਉਣ ਲਈ। ਉਸਨੂੰ ਵੀ ਰੋਕ ਦਿੱਤਾ। ਉਸ ਆਵੀ ਦੀਆਂ ਇੱਟਾਂ ਸ੍ਰੀ ਭੈਣੀ ਸਾਹਿਬ ਲਿਆ ਕੇ ਸਦਾਵਰਤ ਲੰਗਰ ਵਾਲੀ ਡਿਉੜੀ ਦੇ ਪਾਸ ਖੂਹ ਲਾ ਦਿੱਤਾ ਗਿਆ ਸੀ। ਸਤਿਗੁਰੂ ਜੀ ਅਤੇ ਸੂਬਿਆਂ ਦੀ ਮਾਰਚ ਅਪ੍ਰੈਲ 1872 ਈ. ਵਿਚ ਇਕ ਵਿਆਪਕ ਵਿਦਰੋਹ ਅੰਗਰੇਜ਼ੀ ਸਰਕਾਰ ਦੇ ਖਿਲਾਫ ਕਰਨ ਦੀ ਯੋਜਨਾ ਸੀ। ਜਿਸ ਲਈ ਨਵੇਂ ਕੰਮ ਰੋਕ ਕੇ, ਨਕਦ ਨਾਵਾਂ ਸਭ ਨੂੰ ਹੱਥਾਂ ਹੇਠ ਕਰਨ ਲਈ ਹਦਾਇਤਾਂ ਜਾਰੀ ਹੋ ਚੁੱਕੀਆਂ ਸਨ। ਉਪਰ ਮਸਤਾਨਾ ਦਲ



Namdhari Elibrary NamdhariElibrary@gmail.com

ਮਾਰਾ ਖੰਘਾਰਾ ਕਰ ਰਿਹਾ ਸੀ। ਸਤਿਗੁਰੂ ਜੀ ਕੁਝ ਸਮਾਂ ਹਰ ਵਿਆਪਕ ਤਿਆਰੀ ਲਈ ਚਾਹੁੰਦੇ ਸਨ। ਉਂਝ ਸ੍ਰੀ ਭੈਣੀ ਸਾਹਿਬ ਵਿਚ ਲੋਹਾ ਵੀ ਇਕੱਠਾ ਕੀਤਾ ਜਾ ਰਿਹਾ ਸੀ ਤਾਂਕਿ ਸਮਾਂ ਆਉਣ ਸਾਰ ਇਸਨੂੰ ਸ਼ਸਤਰਾਂ ਵਿਚ ਵੀ ਢਾਲਿਆ ਜਾ ਸਕੇ।

ਫਰਵਾਹੀ ਪਿੰਡ ਰਿਆਸਤ ਮਲੇਰਕੋਟਲਾ ਦੇ ਨੰਬਰਦਾਰ ਗੁਰਮੁਖ ਸਿੰਘ ਨੇ ਵੀ ਆਪਣੀ ਪੈਲੀ ਵੰਡ ਦਿੱਤੀ ਸੀ। ਸਰਕਾਰੀ ਮਾਮਲਾ ਰਿਆਸਤ ਦੇ ਖਜ਼ਾਨੇ ਵਿਚ ਜਮ੍ਹਾ ਕਰਵਾਉਣ ਲਈ ਕੁਝ ਦਿਨ ਪਹਿਲਾਂ ਉਹ ਕੋਟਲੇ ਆ ਰਿਹਾ ਸੀ। ਰਸਤੇ ਵਿਚ ਉਸਨੂੰ ਇਕ ਕਰੂੰਜੜੀਆ ਮਿਲਿਆ ਜਿਸ ਨੇ ਇਕ ਬੁੱਢੇ ਬੈਲ ਤੇ ਮੂਲੀਆਂ ਆਦਿਕ ਸਬਜ਼ੀ ਬੈਲ ਦੀ ਵਿੱਤ ਤੋਂ ਵਧੇਰੇ ਲੱਦੀ ਹੋਈ ਸੀ। ਇਸ ਤੇ ਵਾਧਾ ਇਹ ਕਿ ਉਹ ਖੁਦ ਵੀ ਸਬਜ਼ੀ ਦੇ ਲੱਦੇ ਉੱਤੇ ਬੈਠਾ ਸੀ। ਭਾਈ ਗੁਰਮੁਖ ਸਿੰਘ ਨੇ ਉਸਨੂੰ ਸਮਝਾਇਆ ਕਿ ਬੈਲ ਬੁੱਢਾ ਤੇ ਕਮਜ਼ੋਰ ਹੈ। ਭਾਰ ਵੀ ਜ਼ਿਆਦਾ ਹੈ। ਤੂੰ ਗੱਭਰੂ ਹੈਂ ਤੁਰਿਆ ਚੱਲ ਉਤਰ ਕੇ ਨਾਲ ਨਾਲ। ਇਸ ਗੱਲ ਤੋਂ ਤਲਖ਼ ਕਲਾਮੀ ਦੋਹਾਂ ਵਿਚ ਵਧਦੀ ਗਈ ਅਤੇ ਜਦੋਂ ਉਹ ਮਲੇਰਕੋਟਲੇ ਦੇ ਕਾਜ਼ੀ ਪਾਸ ਪੁੱਜੇ ਤਾਂ ਉਸਨ ਬਲਦੀ ਤੇ  ਤੇਲ ਪਾਉਣ ਵਾਲਾ ਫੈਸਲਾ ਸੁਣਾ ਦਿੱਤਾ। ਬੈਲ ਮਾਲਕ ਦਾ ਹੈ। ਸਿੱਖ ਦੀ ਪਰੇਸ਼ਾਨੀ ਬੇਕਾਰ ਹੈ। ਲੱਦਾ ਉਤਾਰ ਕੇ ਬੈਲ ਨੂੰ ਹੁਣੇ ਜ਼ਿਬਾਹ ਕਰ ਦਿਉ। ਤੇ ਇਵੇਂ ਹੀ ਹੋਇਆ। ਜਦੋਂ ਗੁਰਮੁਖ ਸਿੰਘ ਨੇ ਭੈਣੀ ਗੁਰੂ ਦਰਬਾਰ ਵਿਚ ਇਹ ਵਾਰਤਾ ਰੋਂਦਿਆਂ ਰੋਂਦਿਆਂ ਸੁਣਾਇਆ ਤਾ ਸਤਿਗੁਰੂ ਜੀ ਦੀ ਰਸਨਾ ਵਿਚੋਂ ਇਹ ਬੋਲ ਨਿਕਲਿਆ-"ਜਾ ਤੇ ਕਹਿੰਦਾ ਨਾ, ਯਾ ਮਾਰ ਕੇ ਮਰ ਜਾਂਦੋਂ। ਦਿਲ ਵਿਚ ਰੜਕ ਗਈ ਕਿ ਮੇਰਾ ਮਾਰ ਕੇ ਮਰਨਾ ਧਰਮ ਹੈ        ਸਰਬ ਖਾਲਸਾ ਸੁਣ ਕੇ ਕਰੋਧ ਹੋਇਆ। ਗੁਰਮੁਖ ਸਿੰਘ ਵੀ ਇਸੇ ਮਿਸਲ ਵਿਚ ਮਿਲਿਆ।"

ਸ੍ਰੀ ਸਤਿਗੁਰੂ ਜੀ ਨੇ ਭਾਈ ਹੀਰਾ ਸਿੰਘ, ਜਿਸ ਦੀ ਉਮਰ ਅਠਾਰਾਂ ਸਾਲ ਦੇ ਚਿਹਰੇ ਪਰ ਲਾਲੀਆਂ ਦਗਦੀਆਂ ਹੈਨ ਪਾਸ ਸੂਬਾ ਲੱਖਾ ਸਿੰਘ ਨੂੰ ਘੱਲਿਆ। ਸੂਬਾ ਜੀ ਨੇ ਕਿਹਾ, "ਹੀਰਾ ਸਿੰਘ ਮਾਰਾ ਖੰਘਾਰਾ ਨਾ ਕਰੇ। ਫਰੰਗੀਆਂ ਦਾ ਰਾਜ ਹੈ। ਜਿਸ ਤੇ ਹੀਰਾ ਸਿੰਘ ਹੋਰਾਂ ਦਾ ਜੁਆਬ ਸੀ ਕਿ ਸਰਦਾਰੀਆਂ ਛੱਡ ਕੇ ਆਏ ਹਾਂ। ਸਾਨੂੰ ਹੁਣ ਜਗੀਰਾਂ ਦੀ ਚਾਹਤ ਨਹੀਂ ਜੋ ਸਰਕਾਰ ਤੋਂ ਡਰੀਏ। ਅਸੀਂ ਤਾਂ ਧਰਮ ਹੇਤ ਸੀਸ ਦੇਣ ਦੀਆਂ ਤਿਆਰੀਆਂ ਕਰ ਰਹੇ ਹਾਂ। ਦੋ ਵੇਰੀ ਅੱਗੇ ਸੀਸ ਲੱਗੇ ਹਨ ਹੁਣ ਤੀਜੀ ਵੇਰੀ ਲੱਗਣਗੇ। ਭਾਵ ਅੰਮ੍ਰਿਤਸਰ ਤੇ ਰਾਇਕੋਟ ਤੋਂ ਬਾਅਦ ਇਹ ਸਾਕਾ ਵਾਪਰੇਗਾ। ਲੱਖਾ ਸਿੰਘ ਦੇ ਮਾਯੂਸ ਪਰਤਣ ਤੇ ਸਤਿਗੁਰੂ ਜੀ ਆਪ ਗਏ ਅਤੇ ਫੁਰਮਾਇਆ ਅਕਾਲ ਬੁੰਗੇ ਲਾਗੇ-"ਉਧਰੋਂ ਫਰੰਗੀ ਜ਼ੋਰਾਵਰ ਹੈ, ਇਧਰੋਂ ਖਾਲਸਾ ਜ਼ੋਰਾਵਰ ਹੈ, ਮੈਂ ਗਰੀਬ ਵਿਚਾਲੇ ਆਇ ਗਿਆ ਹਾਂ। ਫਿਰ ਜਦੋਂ ਆਪਨੇ ਸੂਬਾ ਸਾਹਿਬ ਸਿੰਘ ਨੂੰ ਇਸ ਜੱਥੇ ਨੂੰ ਸਮਝਾਉਣ ਬੁਝਾਉਣ ਲਈ ਭੇਜਿਆ ਤਾਂ ਹੀਰਾ ਸਿੰਘ ਹੋਰਾਂ ਦਾ ਜੁਆਬ ਸੀ "ਜਿੰਨਾ ਚਿਰ ਗਿਆਨੀ ਸਿੰਘ ਦਾ ਵੈਰ ਲੈਂਦੇ ਨਹੀਂ, ਉਨਾ ਚਿਰ ਸਾਨੂੰ ਪ੍ਰਸ਼ਾਦਾ ਛਕਣਾ ਵੀ ਹਰਾਮ ਹੈ। ਨਾਲੇ ਗਊਆਂ ਕੋ ਗਲ ਵੱਢੀਂਦੇ ਹੈਂ,



Namdhari Elibrary NamdhariElibrary@gma com

ਫੈੜਗੀ ਦੇ ਪ੍ਰਸਾਦਾ ਛਕਣਾ ਕੈਸੇ ਸੁਝਦਾ ਹੈ। ਅਸੀਂ ਤਾਂ ਗਿਆਨੀ ਸਿੰਘ ਦੀ ਸੇਵ ਚੜ੍ਹਨਾ ਹੈ।"

ਸਤਿਗੁਰੂ ਜੀ ਨੇ ਹੀਰਾ ਸਿੰਘ ਹੁਰਾਂ ਨੂੰ ਕਿਹਾ ਸੀ ਕਿ ਇਕ ਬਰਸ ਠਹਿਰ ਜਾਉ। ਇੱਥ ਬੈਠ ਬਿਠਾਏ ਸਭ ਕੁਝ ਕਰ ਲਵਾਂਗੇ। ਪਰ ਉਹਨਾਂ ਦਾ ਕਹਿਣਾ ਸੀ ਕਿ ਅਸੀਂ ਤਾਂ ਇਕ ਘੜੀ ਵੀ ਨਹੀਂ ਰੁਕ ਸਕਦੇ। ਸਿੰਘਾਂ ਦੇ ਇਹ ਕਹਿਣ ਤੇ ਕਿ ਸਾਨੂੰ ਗੁਰੂ ਤੇਗ ਬਹਾਦਰ ਜੀ ਹੁਕਮ ਦੇ ਰਹੇ ਹਨ ਦ੍ਰਿਸ਼ਟਾਂਤ ਵਿਚ, ਸਤਿਗੁਰੂ ਜੀ ਨੇ ਬਾਹੋਵਾਲ ਜੀ ਦੇ ਸ਼ਬਦਾਂ ਵਿਚ ਹੁਕਮ ਕੀਤਾ "ਫਰੰਗੀ ਕੀ ਤਾਂ ਝੱਲ ਲਵਾਂਗਾ ਤੇ ਅਕਾਲ ਪੁਰਖ ਕੀ ਨਹੀਂ ਝੱਲ ਹੁੰਦੀ।"

"ਸ੍ਰੀ ਸਤਿਗੁਰੂ ਜੀ ਬਚਨ ਕੀਤਾ-ਹੀਰਾ ਸਿੰਘ ਧੰਨ ਤੂੰ ਹੈਂ ਤੇ ਧੰਨ ਤੇਰਾ ਜਨਮ ਹੈ। ਫਿਰ ਬਚਨ ਕੀਤਾ ਤੁਸੀ ਤਿਆਰ ਹੋ ਕੇ ਆ ਜਾਓ, ਪ੍ਰਸਾਦ ਤਿਆਰ ਕਰਦੇ ਹੈਂ ਬਚਨ ਹੋਇਆ ਲੱਖਾ ਸਿੰਘ ਏਹਨਾਂ ਨੂੰ ਪ੍ਰਸਾਦ ਛਕਾਵੋ। ਕਹਿਰ ਦਾ ਪ੍ਰਸਾਦ ਹੈ। ਫੇਰ ਨਹੀ ਏਹਨਾ ਏਥੇ ਛਕਣਾ ਹੈ।"

ਹੀਰਾ ਸਿੰਘ ਦਾ ਸਤਿਗੁਰੂ ਜੀ ਤੇ ਕਿਤਨਾ ਅਡੋਲ ਨਿਸਚਾ ਤੇ ਸਿੰਘ ਦੀ ਤਾਰ ਇਕ ਦੂਜ ਨਾਲ ਕਿਸ ਤਰ੍ਹਾਂ ਜੁੜੀ ਹੋਈ ਸੀ, ਇਹ ਵੀ ਬਾਹੋਵਾਲ ਲਿਖਤ ਹਠਲ ਪਰਸੰਗ ਵਿਚੋਂ ਪਾਠਕਾਂ ਦੀ ਨਜ਼ਰ ਹੈ-"ਸਿੰਘਾਂ ਨੇ ਰਲ ਕੇ ਖੁਮਾਣੋਂ ਵਾਲੇ ਪਰਤਾਪ ਸਿੰਘ ਤੇ ਅਖਵਾਇਆ ਕਿ ਹੀਰਾ ਸਿੰਘ ਤੈਂ ਕੀ ਕਰਨਾ ਹੈ। ਇਸ਼ਨਾਨ ਤੇ ਨਹੀਂ ਕੀਤਾ। ਮਾਲਾ ਤੈਂ ਨਹੀਂ ਫੇਰੀ। ਭਜਨ ਤੈਂ ਨਹੀ ਕੀਤਾ। ਬਾਣੀ ਤੈਂ ਨਹੀ ਪੜ੍ਹੀ। ਹੀਰਾ ਸਿੰਘ ਨੇ ਕਿਹਾ ਕਿ ਮੈਂ ਤਿੰਨ ਇਸ਼ਨਾਨ ਕੀਤੇ ਹੈ ਸੂਬਿਆਂ ਨੇ ਕਹਿਆ, "ਤੂੰ ਤਾਂ ਆਸਨ ਉੱਤੋਂ ਨਹੀ ਉੱਠਿਆ ਹੈ। ਇਸ਼ਨਾਨ ਕਦ ਕੀਤੇ ਹੈ?" ਹੀਰਾ ਸਿੰਘ ਕਹਿਣ ਲੱਗਾ, "ਜੇਂਦ ਸਤਿਗੁਰੂ ਜੀ ਤੜਕੇ ਮੈਦਾਨ ਗਏ ਤਾਂ ਦਰਸ਼ਨ ਕੀਤਾ, ਜਾਂ ਮੁੜ ਤਾਂ ਦਰਸ਼ਨ ਕੀਤਾ ਤੀਜੀ ਵਾਰ ਹੁਣ ਦਰਸ਼ਨ ਕੀਤਾ ਹੈ ਗੁਰੂ ਜੀ ਦਾ ਦਰਸ਼ਨ ਹੀ ਪੂਰਨ ਇਸ਼ਨਾਨ ਹੈ। ਸਾਧ ਦਾ ਦਰਸ ਪੂਰਨ ਇਸ਼ਨਾਨ ਸੋ ਸਾਨੂੰ ਅਕਾਲ ਪੁਰਖ ਮਿਲਿਆ ਹੈ। ਸਾਨੂੰ ਇਸ਼ਨਾਨ ਦੀ ਕੀ ਲੋੜ ਹੈ ? ਤੁਹਾਨੂੰ ਹੋਊਗੀ ""

ਸਤਿਗੁਰੂ ਜੀ ਤੋਂ ਅੰਤਿਮ ਦਰਸ਼ਨਾਂ ਬਾਅਦ ਮਸਤਾਨਿਆਂ ਨੇ ਪਹਿਲਾ ਪੜਾਓ ਕਿਥੇ ਕਰਨ ਬਾਬਤ ਪੁੱਛਿਆ ਤਾਂ ਆਪਨੇ "ਹੈ ਭੀ ਰੱਬ ਤੇ ਹੋਸੀ ਭੀ ਰੱਬ" ਕਹਿਕ ਰੱਬ ਪਿੰਡ ਪੜਾਉ ਕਰਨ ਦਾ ਇਸ਼ਾਰਾ ਕੀਤਾ, ਉਂਜ ਆਪਨੇ ਤੇਰਾਂ ਸਿੰਘਾਂ ਦੇ ਸ਼ਹੀਦੀ ਜਥੇ ਦਾ ਆਪਣੀ ਮੌਜ ਵਿਚ ਹੋ ਕੇ ਚੋਣੀ ਕਾਰਾ ਕਰਨ ਵਾਲੇ ਡੁਰਨੇ ਤੋਂ ਸਾਹਨੇਵਾਲ ਦੇ ਥਾਣੇਦਾਰ ਸਰਫਰਾਜ ਖਾਨ ਨੂੰ ਵੀ ਜਾਣੂੰ ਕਰਵਾਇਆ ਤੇ ਸੂਬਾ ਲੱਖਾ ਸਿੰਘ ਨੂੰ ਵੀ ਜਦੋਂ ਸ਼ਹੀਦੀ ਜਥਾ ਭੈਣੀ ਸਾਹਿਬ ਅਕਾਲ ਬੁੰਗੇ ਤੋਂ ਰਵਾਨਾ ਹੋਇਆ ਤਾਂ ਜਿਲ੍ਹਾ ਅਫਸਰਾਂ ਪਾਸ ਸੂਚਨਾ ਦੇਣ ਲਈ ਲੁਧਿਆਣੇ ਭੇਜਣ ਦਾ ਹੁਕਮ



Namdhari Elibrary NamdhariElibrary@gmail.com



ਸ਼ਹੀਦੀ ਸਾਕਾ ਰਾਇਕੋਟ, 5 ਅਗਸਤ 1871 ਈ.

ਸ਼ਹੀਦ ਮੰਗਲ ਸਿੰਘ, ਸ਼ਹੀਦ ਮਸਤਾਨ ਸਿੰਘ, ਸ਼ਹੀਦ ਗੁਰਮੁਖ ਸਿੰਘ



ਸ਼ਹੀਦੀ ਸਾਕਾ ਅੰਮ੍ਰਿਤਸਰ, 15 ਸਤੰਬਰ, 1871 ਈ)

Namdhari Elibrary NamdhariElibrary@gmail.com



Namdhari Elibrary NamdhariElibrary@gmail.com



ਜੂਨ 1863 ਈ: ਵਿਚ ਅੰਗ੍ਰੇਜ਼ੀ ਸਰਕਾਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰਕੇ ਸੂਬਿਆਂ ਦੇ ਪ੍ਰਚਾਰ ਕਰਨ ਤੇ ਵੀ ਪਾਬੰਦੀ ਲਗਾ ਦਿਤੀ ਸੀ। ਅੰਗ੍ਰੇਜ਼ ਅਫ਼ਸਰ ਦੇ ਪੁੱਛਣ 'ਤੇ "ਬਾਬਾ ਸਾਹਿਬ, ਅਬ ਕਯਾ ਕਰੋਗੇ?" ਸਤਿਗੁਰੂ ਜੀ ਨੇ ਫੁਰਮਾਇਆ, "ਇਤਿਹਾਸ -ਜੋ ਅਬ ਤਕ 'ਰਾਮ ਸਿੰਘ' ਕਰ ਦਿਖਾਏਗਾ।



ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਅਤੇ ਮੁੱਖ ਮੰਤਰੀ ਪੰਜਾਬ ਸ. ਪਰਕਾਸ਼ ਸਿੰਘ ਬਾਦਲ (1999 ਈ:)

Namdhari Elibrary NamdhariElibrary@gmail.com



ਪ੍ਰਦੇਸ-ਗਵਨ : ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਗੱਡੇ 'ਤੇ ਰਵਾਨਗੀ ਅਤੇ ਵੈਰਾਗ ਕਰਦੀ ਸੰਗਤ, ਸ੍ਰੀ ਭੈਣੀ ਸਾਹਿਬ (17 ਜਨਵਰੀ 1872 ਈ: ਦੀ ਰਾਤ)



ਲੁਧਿਆਣਾ ਰੇਲਵੇ ਸਟੇਸ਼ਨ ਤੋਂ ਸਪੈਸ਼ਲ ਟਰੇਨ ਰਾਹੀਂ ਰਵਾਨਗੀ (18 ਜਨਵਰੀ 1872 ਈ: ਸਵੇਰੇ 4.00 ਵਜੇ)

Namdhari Elibrary NamdhariElibrary@gma  com

ਕੀਤਾ।

"ਸਾਕਾ ਮਲੇਰਕੋਟਲਾ" ਦਾ ਇਕ ਕਵੀ ਭਾਈ ਨਿਰੰਜਨ ਸਿੰਘ 'ਮਿਰਗੇਸ਼' ਭਾਈ ਹੀਰਾ ਸਿੰਘ ਤੁਰਨ ਲੱਗਿਆਂ ਹਾਜ਼ਰ ਸਿੰਘਾਂ ਨੂੰ ਕਿਵੇਂ ਸੰਬੋਧਿਤ ਹੋਇਆ ਇਸ ਵਿਚ ਸਿੱਖ ਇਤਿਹਾਸ ਦੀ ਸਾਰੀ ਬੀਰ ਪਰੰਪਰਾ ਨੂੰ ਦੁਹਰਾ ਦਿੰਦਾ ਹੈ -

"ਮਾਰੀ ਭਬਕ ਹੀਰਾ ਸਿੰਘ ਸ਼ੇਰ ਵਾਂਗੂ, ਅੰਦਰ ਕਾਇਰਾਂ ਜੋਸ਼ ਵਧਾਉਣ ਲੱਗਾ।
ਜੋਸ਼ ਖਾਲਸ ਦਾ ਮੱਠਾ ਪੈ ਗਿਆ ਸੀ, ਜਵਾਲਾ ਮੁਖੀ ਦੇ ਵਾਂਗ ਭੜਕਾਉਣ ਲੱਗਾ।
ਬਾਘ ਸਿੰਘ, ਬੋਤਾ, ਰਾਮ ਸਿੰਘ ਬੇਦੀ, ਸੀਸ ਤਲੀ ਤੇ ਰੱਖ ਲੜਾਉਣ ਲੱਗਾ।
ਤਾਰਾ ਸਿੰਘ ਦੇ ਵਾਂਗ ਤਲਵਾਰ ਮਾਰੀ, ਤਕੀ ਬੇਗ ਨੂੰ ਪਾਨ ਚਬਾਉਣ ਲੱਗਾ।
ਸੁੱਖਾ ਸਿੰਘ ਮਤਾਬ ਸਿੰਘ ਜਿਵੇਂ ਕੀਤੀ, ਸੀਸ ਮੱਸੇ ਦਾ ਫੇਰ ਉਡਾਉਣ ਲੱਗਾ।
ਬਾਘੜ ਸਿੰਘ ਜਿਉਂ ਕੁੱਟਿਆ ਬੇਰ ਤਾਣੀ, ਸਿੰਘ ਬਣਕੇ ਫੇਰ ਦਿਖਾਉਣ ਲੱਗਾ।
ਛਾਤੀ ਵਿਚ ਲੱਗੇ ਚੰਡੀ ਫੱਟ ਜੈਸੀ, ਜੱਸਾ ਸਿੰਘ ਨੂੰ ਫੇਰ ਵਡਿਆਉਣ ਲੱਗਾ।
ਦੀਪ ਸਿੰਘ ਦੇ ਵਾਂਗ ਮਿਰਗੇਸ਼ ਸ਼ਾਇਰ, ਸੀਸ ਤਲੀ ਤੇ ਫੇਰ ਟਿਕਾਉਣ ਲੱਗਾ।
ਬੰਦੇ ਸ਼ੇਰ ਦੇ ਵਾਂਗ ਮਿਰਗੇਸ਼ ਸ਼ਾਇਰ, ਮੱਥਾ ਨਾਲ ਸਰਹੰਦ ਦੇ ਲਾਉਣ ਲੱਗਾ।
ਹਰੀ ਸਿੰਘ ਭੰਗੀ ਸਰਦਾਰ ਵਾਂਗੂ, ਘਰੀਂ ਬੇਗਮਾਂ ਕੱਢ ਭਜਾਉਣ ਲੱਗਾ।
ਲੋਕੀਂ ਕਿੱਸਾ ਮਨਸੂਰ ਦਾ ਭੁੱਲ ਗਏ ਸਨ, ਸੂਲੀ ਚੜ੍ਹ ਕੇ ਯਾਦ ਕਰਾਉਣ ਲੱਗਾ।" '

ਬਹੁਤ ਸਾਰ ਲੇਖਕ ਕੂਕਾ ਮਸਤਾਨਿਆਂ ਦੀ ਇਸ ਕਾਰਵਾਈ ਵਿਚ ਕੁਝ ਸਰਕਾਰੀ ਏਜੰਟਾਂ ਦਾ ਹੱਥ ਹੋਣ ਦੀ ਗੱਲ ਕਹਿ ਕੇ ਕੂਕਾ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਧਾਰ ਨੂੰ ਖੁੰਢਾ ਕਰਨ ਦੇ ਯਤਨ ਲੰਮੇ ਸਮੇਂ ਤੋਂ ਕਰਦੇ ਆ ਰਹੇ ਹਨ। ਪਰ ਇਤਿਹਾਸਕ ਦ੍ਰਿਸ਼ਟੀ ਤੋਂ ਵੇਖਿਆਂ, ਅੱਗੇ ਚੱਲਕੇ ਅਸੀ ਇਸ ਦੋਸ਼ ਨੂ ਨਿਰਮੂਲ ਸਿੱਧ ਕਰਾਂਗੇ। ਰਾਇਕੋਟ ਬੁੱਚੜ ਬੱਧ ਸਾਕੇ ਵਿਚ ਨਾਮਧਾਰੀ ਸਿੰਘਾਂ ਦੀ ਗ੍ਰਿਫਤਾਰੀ ਲਈ ਨਾਭਾ, ਪਟਿਆਲਾ, ਜੀਂਦ ਆਦਿ ਫੂਲਕੀਆਂ ਰਿਆਸਤਾਂ ਵੱਲੋਂ ਪਾਏ ਯੋਗਦਾਨ ਅਤੇ ਅੰਗਰੇਜ਼ ਸਰਕਾਰ ਦੇ ਬੂਟ ਚੱਟਾਂ ਵਾਲਾ ਰੋਲ ਧਾਰਨ ਕਰਨ ਸਦਕਾ ਨਾਮਧਾਰੀ ਸਿੰਘਾਂ ਦਾ ਕਰੋਧ ਅੰਗਰੇਜ਼ ਸਰਕਾਰ ਅਤੇ ਇਹਨਾਂ ਰਿਆਸਤਾਂ ਬਾਰੇ ਹੁਣ ਇੱਕੋ ਮਾਤਰਾ ਵਿਚ ਹੀ ਪ੍ਰਗਟ ਹੋ ਰਿਹਾ ਸੀ, ਹੁਣ ਉਹ ਅੰਮ੍ਰਿਤਸਰ ਅਤੇ ਰਾਇਕੋਟ ਦੇ ਸਾਕਿਆਂ ਜਿਉਂ ਰਾਤ ਦੇ ਹਨੇਰੇ ਵਿਚ ਨਹੀਂ ਸੈਂਕੜਿਆਂ ਗਿਣਤੀ ਚੋਂ ਪਹਿਲੇ ਹੱਲਿਆਂ ਨਾਲੋ 10-15 ਗੁਣੀ ਵਧਾ ਕੇ ਦਿਨ ਦੇ ਚਿੱਟੇ ਚਾਨਣ ਵਿਚ ਵੈਰੀ ਨੂੰ ਲਲਕਾਰਨ ਲਈ ਤਿਆਰ-ਬਰ ਤਿਆਰ ਹੋ ਚੁੱਕੇ ਸਨ। ਮਲੌਦ ਅਤੇ ਮਲੇਰਕੋਟਲਾ ਤੇ ਹਮਲੇ ਦੀ ਭੂਮਿਕਾ ਬਿਆਨਦਿਆਂ ਮੈਕਨਬ, ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਲੈਪਲ ਗਰਿਫਿਨ ਨੂੰ ਲਿਖਦਾ ਹੈ



Namdhari Elibrary NamdhariElibrary@gmail.com

"ਅੰਗਰੇਜ਼ੀ ਰਾਜ ਦੇ ਖ਼ਾਤਮੇ ਅਤੇ ਖ਼ਾਲਸਾ ਰਾਜ ਦੀ ਪੁਨਰ-ਸਥਾਪਨਾ ਦੀਆਂ ਭਵਿੱਖਬਾਣੀਆਂ ਕੂਕਿਆਂ ਵਿਚ ਘੁੰਮ ਰਹੀਆਂ ਸਨ ਅਤੇ ਇਹ ਇਕ ਆਮ ਅਫਵਾਹ ਫੈਲੀ ਹੋਈ ਸੀ ਕਿ 1872 ਵਾਲਾ ਇਹ ਵਰ੍ਹਾ, ਕੂਕਾ ਗੁਰੂ ਦੀ ਸ਼ਕਤੀ ਦਾ ਮਹਾਨ ਪ੍ਰਗਟਾਵਾ ਵੇਖੇਗਾ। ਕੂਕੇ ਆਪਣੀ ਜ਼ਮੀਨ ਜਾਇਦਾਦ ਵੇਚ ਕੇ, ਮੁਕਤ ਹੋ ਰਹੇ ਸਨ ਤਾਂ ਜੁ ਉਹ ਵਾਪਰਨ ਵਾਲੇ ਕਿਸੇ ਵੀ ਭਾਣੇ ਵਿਚ ਭਾਗ ਲੈਣ ਲਈ ਸੁਤੰਤਰ ਹੋ ਸਕਣ। ਜਾਪਦਾ ਜੋਕਿ ਆਉਂਦੇ ਚੇਤ (ਅਪ੍ਰੈਲ) ਵਿਚ ਵਾਪਰਨਾ ਸੀ ਪਰ ਕੁਝ ਕੁ ਸੂਬਿਆਂ ਵੱਲੋਂ ਸੂਬਾ ਗਿਆਨੀ ਸਿੰਘ ਦੀ ਮਿਰਤੂ ਦਾ ਬਦਲਾ ਲੈਣ ਦੇ ਨਾਮ ਹੇਠ, ਇਸ ਘਟਨਾ ਨੂੰ ਅਗਾਊਂ ਵਾਪਰਨ ਤੇ ਮਜਬੂਰ ਕਰ ਦਿੱਤਾ ਗਿਆ। ਉਹਨਾਂ ਨੇ 100 ਕੁ ਸਿੰਘਾਂ ਦਾ ਜਥਾ ਮਲੇਰਕੋਟਲੇ ਤੇ ਹਮਲਾ ਕਰਨ ਲਈ ਭੇਜ ਦਿੱਤਾ ਜਿਥੋਂ ਘੋੜੇ ਅਤੇ ਹਥਿਆਰ ਰਾਜਧਾਨੀ ਤੇ ਕਬਜ਼ਾ ਕਰਕੇ ਖੋਹ ਜਾਣ ਅਤੇ ਇਸ ਹਿਲਜੁਲ ਵਿਚ ਸ਼ਾਮਲ ਹੋਣ ਵਾਲੇ ਦੂਜੇ ਸਿੰਘਾਂ ਵਿਚ ਵੰਡ ਦਿੱਤੇ ਜਾਣ।" [18]

ਮਲੇਰਕੋਟਲੇ ਦੀ ਚੋਣ ਇਸ ਲਈ ਕੀਤੀ ਗਈ ਸੀ ਕਿਉਂ ਜੁ ਇਹ ਇਕ ਕਮਜ਼ੋਰ ਅਤੇ ਭੈੜੇ ਪ੍ਰਬੰਧ ਹੇਠ ਚੱਲਣ ਵਾਲੀ ਰਿਆਸਤ ਸੀ। ਨਵਾਬ ਮਰ ਚੁੱਕਾ ਸੀ ਅਤੇ ਨਵੇਂ ਨਵਾਬ ਦੀ ਵਿਰਾਸਤ ਬਾਰੇ ਝਗੜਾ ਚੱਲ ਰਿਹਾ ਸੀ। ਇਕ ਰੀਜੈਂਸੀ ਕੌਂਸਲ ਰਾਜ-ਕਾਜ ਚਲਾਉਂਦੀ ਸੀ। ਜਿਸ ਦਾ ਸਰਕਾਰ ਵੱਲੋਂ ਇੰਚਾਰਜ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਹੁੰਦਾ ਸੀ। ਇਸ ਰਿਆਸਤ ਤੇ ਹਮਲੇ ਤੋਂ ਬਾਅਦ ਵਾਂਛਿਤ ਪਰਿਣਾਮ ਹਾਸਲ ਕਰਕੇ ਫਿਰ "ਨਾਭਾ, ਜੀਂਦ, ਅਤੇ ਪਟਿਆਲਾ ਤੇ ਹਮਲਾ ਬੋਲਣਾ ਸੀ। ਅੰਬਾਲ ਤੋਂ ਲੁਧਿਆਣੇ ਤੱਕ ਰੇਲ ਦੀ ਪਟੜੀ ਉਖਾੜ ਦੇਣੀ ਸੀ ਤਾਂਕਿ ਬਾਹਰੋਂ ਸਹਾਇਤਾ ਨਾ ਪੁੱਜੇ। ਇਸ ਤੋਂ ਬਾਅਦ ਕੂਕਿਆਂ ਦੇ ਚਾਰ ਚੁਫੇਰਿਓਂ ਸ਼ਾਮਲ ਹੋਣ ਦੀ ਆਸ ਸੀ ਫਿਰ ਫਿਰੋਜ਼ਪੁਰ ਆਦਿ ਤੇ ਕਬਜ਼ਾ ਕਰਕੇ ਦਿੱਲੀ ਵੱਲ ਵਧਣਾ ਸੀ।" [19]

ਭਾਈ ਬਾਹੋਵਾਲ ਦੇ ਉਪਰ ਵਰਣਿਤ ਘਟਨਾ ਕ੍ਰਮ ਤੇ ਟਿੱਪਣੀ ਕਰਦਿਆਂ ਹੋਇਆਂ ਫੌਜਾ ਸਿੰਘ ਬਾਜਵਾ ਮਸਤਾਨਿਆਂ ਅਤੇ ਸਤਿਗੁਰੂ ਜੀ ਦੀ ਇਕਸੁਰਤਾ ਦਾ ਜ਼ਿਕਰ ਕਰਕੇ ਏਜੰਟ ਪ੍ਰੋਵੋਕੇਟਰ ਵਾਲੇ ਦੋਸ਼ ਦਾ ਖੰਡਨ ਇਹਨਾਂ ਸ਼ਬਦਾਂ ਵਿਚ ਕਰਦਾ ਹੈ -

"ਉਪਰਲੇ ਘਟਨਾ-ਕ੍ਰਮ ਤੋਂ ਇਹ ਸਿਧ ਹੁੰਦਾ ਹੈ ਕਿ ਬੁਨਿਆਦੀ ਮਸਲਿਆਂ ਤੇ ਬਾਬਾ (ਗੁਰੂ) ਰਾਮ ਸਿੰਘ ਜੀ ਅਤੇ ਉਹਨਾਂ ਦੇ ਪੈਰੋਕਾਰਾਂ ਵਿਚ ਮੁਕੰਮਲ ਇਕਸਰਤਾ ਸੀ। ਇਹ ਉਹਨਾਂ ਨੂੰ, ਉਹਨਾਂ ਦੇ ਡੇਰੇ ਤੋਂ ਬੜੇ ਮਾਨ ਭਰੇ ਵਤੀਰੇ ਨਾਲ ਆਪਣੇ ਲੰਗਰ ਵਿਚ ਲਿਆ ਕੇ ਆਪ ਪਰਸ਼ਾਦ ਛਕਾਉਣ ਤੋਂ ਵੀ ਜ਼ਾਹਰ ਹੁੰਦੀ ਹੈ ਜਦੋਂ ਕਿ ਮਸਤਾਨਿਆਂ ਨੇ ਗੁਰੂ ਜੀ ਦੀ ਸਿਖਿਆ ਤੇ ਵੀ ਅਸਰ ਨਹੀਂ ਸੀ ਕੀਤਾ। ਸਤਿਗੁਰੂ ਜੀ ਦਾ ਵਿਰੋਧ ਉਹਨਾਂ ਦੇ ਮਨੋਰਥ ਨਾਲ ਨਹੀਂ ਸੀ, ਵਿਰੋਧ ਸਿਰਫ ਹਮਲੇ ਲਈ ਸਮੇਂ ਦੀ ਚੋਣ ਦਾ ਸੀ। ਇਸੇ ਪਰਸੰਗ ਵਿਚ ਘੋਖ ਕੀਤਿਆਂ ਆਪ ਦੁਆਰਾ 13



Namdhari Elibrary NamdhariElibrary@gmail.com

ਜਨਵਰੀ ਨੂੰ ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਭੇਜਣਾ, ਇਕ ਵਿਸ਼ੇਸ਼ ਦੂਤ ਦੀ ਹੈਸੀਅਤ ਵਿਚ ਹਾਕਮਾਂ ਨੂੰ ਖਬਰ ਕਰਨ ਲਈ ਕਿ ਇਹਨਾਂ ਲੋਕਾਂ ਦੇ ਇਰਾਦੇ ਕੀ ਹਨ, (ਜਿਵੇਂ ਅੰਗਰੇਜ਼ ਅਧਿਕਾਰੀ ਲਿਖਦੇ ਹਨ) ਇਹ ਸਿਰਫ ਪੇਸ਼ਬੰਦੀ ਜਾਂ ਹਮਲੇ ਦੀ ਅਸਫਲਤਾ ਸਮੇਂ ਆਪਣ ਬਚਾਅ ਦੀ ਕਾਰਵਾਈ ਮਾਤਰ ਨਹੀਂ ਸੀ ਸਗੋਂ ਉਸ ਸਮੇਂ ਕੂਕਿਆਂ ਦੇ ਸੰਭਾਵਿਤ ਹਮਲੇ ਨੂੰ ਰੋਕਣ ਦੀ ਇਕ ਈਮਾਨਦਾਰ ਕੋਸ਼ਿਸ਼ ਸੀ। ਉਹ (ਗੁਰੂ ਰਾਮ ਸਿੰਘ) ਆਸ ਰੱਖਦੇ ਸਨ ਕਿ ਵੇਲੇ ਸਿਰ ਕੋਈ ਕਾਰਵਾਈ ਕਰਕੇ ਹਾਕਮ ਇਸ ਹਮਲੇ ਨੂੰ ਰੋਕ ਦੇਣਗੇ। ਪਰ ਜਿਹਾ ਕਿ ਬਾਅਦ ਵਿਚ ਵੇਖਾਂਗੇ, ਸਰਕਾਰ ਨੇ ਇਸ ਤੋਂ ਬਿਲਕੁਲ ਉਲਟ ਕਾਰਵਾਈ ਕਰਦਿਆਂ, ਹਮਲੇ ਨੂੰ ਵਾਪਰਨ ਦਿੱਤਾ ਤਾਂਕਿ ਇਸ ਨੂੰ ਇਕ ਬਹਾਨਾ ਬਣਾ ਕੇ ਉਹ ਕੂਕਾ ਸ਼ਕਤੀ ਨੂੰ ਨਸ਼ਟ ਕਰ ਸਕਣ।" [14]

12 ਜਨਵਰੀ 1872 ਈ. ਨੂੰ ਲੋਹੜੀ ਸੀ ਅਤੇ 13 ਜਨਵਰੀ ਨੂੰ ਮਾਘੀ। ਮਾਘੀ ਵਾਲੀ ਸਵੇਰ ਨੂੰ ਪਾਠਾਂ ਦੇ ਭੋਗ ਪੈ ਗਏ ਅਤੇ ਬਾਕੀ ਸੰਗਤ ਤਾਂ ਘਰੋ ਘਰੀ ਮੁੜ ਗਈ। ਮਸਤਾਨਾ ਦਲ ਅਕਾਲ ਬੁੰਗੇ ਹੀ ਸਜਿਆ ਰਿਹਾ। ਹੁਣ ਜਦੋਂ ਸਤਿਗੁਰੂ ਜੀ ਤੋਂ ਪਹਿਲੇ ਪੜਾਅ ਦਾ ਇਸ਼ਾਰਾ ਕੂਚ ਕਰਨ ਦਾ ਹੋ ਗਿਆ ਤਾਂ ਹੀਰਾ ਸਿੰਘ ਹੋਰਾਂ ਤਲਵਾਰ ਨਾਲ ਲਕੀਰ ਖਿੱਚ ਕੇ ਢਾਈ ਕੁ ਸੌ ਸਿੰਘਾਂ ਦੇ ਇਕੱਠ ਨੂੰ ਹਦਾਇਤ ਕੀਤੀ ਗਰਜਵੀਂ ਆਵਾਜ਼ ਵਿਚ ਕਿ ਜਿਸ ਨੇ ਸੀਸ ਦਾ ਠੀਕਰਾ ਜ਼ਾਲਮ ਸਰਕਾਰ ਦੇ ਸਿਰ ਭੰਨ ਕੇ ਸ਼ਹੀਦੀ ਬਾਣਾ ਪਹਿਨਣਾ ਹੈ ਉਹ ਲੀਕ ਟੱਪ ਕੇ ਇਕ ਪਾਸੇ ਬੈਠ ਜਾਵੇ। ਇਕ ਸੌ ਚਾਲੀ ਸਿੰਘ ਲੀਕ ਟੱਪ ਗਏ ਮਾਈ ਇੰਦ ਕੌਰ ਹੰਡਿਆਏ ਵਾਲੀ ਅਤੇ ਖੇਮ ਕੌਰ ਇੱਕੂ ਪੁਰੇ ਵਾਲੀ ਵੀ ਇਸ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਲਈ ਸਵੇਰ ਤੋਂ ਹੀ ਸਿੰਘਾਂ ਨੂੰ ਵੰਗਾਰ ਰਹੀਆਂ ਸਨ। ਕਈ ਸਿੰਘ ਛੱਤ ਤੇ ਚੜ੍ਹ ਕੇ ਹੋਕਾ ਦੇ ਰਹੇ ਸਨ ਕਿ ਧਰਮ ਜਹਾਜ਼ ਤਿਆਰ ਹੈ। ਚੜ੍ਹਨ ਵਾਲੇ ਆ ਜਾਣ।

13 ਜਨਵਰੀ ਦੁਪਹਿਰ ਢਲਦਿਆਂ ਹੀ ਸ਼ਹੀਦੀ ਜਥੇ ਨੇ ਭੈਣੀ ਸਾਹਿਬ ਤੋਂ ਮਲੇਰਕੋਟਲਾ ਲਈ ਚਾਲੇ ਪਾ ਦਿੱਤੇ। ਸਾਹਨੇਵਾਲ ਦੇ ਥਾਣੇਦਾਰ ਦੇ ਕਹਿਣ ਤੇ ਪਿੰਡ ਦੇ ਦੋ ਜ਼ੈਲਦਾਰ ਸੁੱਖੂ, ਦੌਲਤ ਰਾਮ ਅਤੇ ਭਗਵਾਨ ਚੌਕੀਦਾਰ ਲਾਟੋਂ ਤੋਂ ਮੁੜ ਆਏ ਕਿਉਂ ਜੁ ਅੱਗੋਂ ਜਥਾ ਪਟਿਆਲਾ ਰਿਆਸਤ ਦੇ ਪਿੰਡ ਰਾਮਪੁਰ ਪੁੱਜ ਗਿਆ। ਉਧਰ ਸਾਹਨੇਵਾਲ ਦੇ ਥਾਣੇਦਾਰ ਨੇ ਲੁਧਿਆਣੇ ਵੱਡੇ ਅਫ਼ਸਰਾਂ ਨੂੰ ਰੀਪੋਰਟ ਕਰ ਦਿੱਤੀ ਅਤੇ ਉਨ੍ਹਾਂ ਨੇ ਮਲੇਰਕੋਟਲਾ, ਨਾਭਾ, ਪਟਿਆਲਾ ਆਦਿ ਦੇ ਲੁਧਿਆਣੇ ਰਹਿੰਦੇ ਵਕੀਲਾਂ ਨੂੰ ਇਸ ਬਾਬਤ ਸੂਚਿਤ ਕਰ ਦਿੱਤਾ। ਸ਼ਹੀਦੀ ਜਥਾ ਲਾਟੋਂ, ਰਾਮਪੁਰ, ਪਾਇਲ ਦੇ ਰਸਤੇ ਪਿੰਡ ਰੱਬੋਂ ਥਾਣਾ ਡੇਹਲੋਂ (ਲੁਧਿਆਣਾ) ਪੁੱਜ ਗਿਆ ਅਤੇ ਇੱਥੇ ਨਾਮਧਾਰੀਆਂ ਦੇ ਖੂਹ ਤੇ ਉਤਾਰਾ ਕੀਤਾ। ਇੱਥੇ 14 ਜਨਵਰੀ ਸ਼ਾਮ ਤਕ ਜਥਾ ਰਿਹਾ। ਲੰਗਰ ਇਥੇ ਹੀ ਸਜਿਆ। ਬਾਬਾ ਪਹਾੜਾ ਸਿੰਘ ਸੂਬਾ ਅਤੇ ਲੱਖਾ ਸਿੰਘ ਸੂਬਾ ਮਲੌਦ ਦੇ ਜੰਮਪਲ ਸਨ। ਜਥੇ ਵਿਚ ਸ਼ਾਮਲ



Namdhari Elibrary NamdhariElibrary@gmail.com

ਦਿਆਲ ਗੜ੍ਹੀਏ ਸਿੰਘ, ਮਲੌਦ ਦੇ ਸਰਦਾਰ ਬਦਨ ਸਿੰਘ ਦੇ ਸਿੱਧੂ ਭਾਈਚਾਰੇ ਵਿਚੋਂ ਸਨ। ਸਰਦਾਰ ਇਕ ਦੋ ਵੇਰ ਭੈਣੀ ਸਾਹਿਬ ਵੀ ਦਰਸ਼ਨਾਂ ਨੂੰ ਗਿਆ ਸੀ ਅਤੇ ਜਥੇ ਨੇ ਸੋਚਿਆ ਕਿ ਹਥਿਆਰ ਅਤੇ ਘੋੜੇ ਉਸ ਤੋਂ ਮੰਗੇ ਜਾਣ। ਰੱਬੋਂ ਤੋਂ ਚੱਲ ਕੇ 14 ਜਨਵਰੀ ਸੂਰਜ ਛਿਪਣ ਬਾਅਦ ਜਥਾ ਮਲੌਦ ਵਾਲੇ ਸਰਦਾਰ ਦੇ ਕਿਲੇ ਵਿਚ ਪੁੱਜ ਗਿਆ। ਹਥਿਆਰਾਂ ਦੀ ਮੰਗ ਸੁਣ ਕੇ ਸਰਦਾਰ ਘਬਰਾ ਗਿਆ ਕਿ ਅੰਗਰੇਜ਼ ਮੇਰੇ ਜੈਸੇ ਪੋਤੇ ਵੀ ਰੋੜ੍ਹ ਦੇਣਗੇ। ਜਿਸ ਤੇ ਜਥੇ ਦੇ ਸਿੰਘਾਂ ਨੇ ਉਗਰ ਰੂਪ ਧਾਰਨ ਕਰ ਲਿਆ। ਮਾਈ ਇੰਦ ਕੌਰ ਨੇ ਸਰਦਾਰ ਦੇ ਮੋਢੇ ਵਿਚ ਟਕੂਆ ਮਾਰਿਆ। ਲੜਾਈ ਛਿੜ ਪਈ। ਭਾਈ ਨੰਦ ਸਿੰਘ ਹੰਡਿਆਏ ਵਾਲਾ ਅਤੇ ਅਤਰ ਸਿੰਘ ਦੋ ਕੂਕੇ ਸਿੰਘ ਸ਼ਹੀਦ ਹੋ ਗਏ। ਦੋ ਬੰਦੇ ਸਰਦਾਰ ਦੇ ਮਰੇ ਤੇ ਕੁਝ ਦੋਹਾਂ ਪਾਸਿਆਂ ਫੱਟੜ ਤੋ ਹੋਏ। ਸਿੰਘਾਂ ਦੇ ਹੱਥ ਕੁਝ ਤਲਵਾਰਾਂ, ਇਕ ਦੁਨਾਲੀ ਬੰਦੂਕ, ਇਕ ਘੋੜਾ ਅਤੇ ਦੋ ਘੋੜੀਆਂ ਲੱਗੀਆਂ। ਨਗਾਰਾ ਖੜਕਣ ਤੇ ਆਸੇ ਪਾਸੇ ਪਿੰਡਾਂ ਦੇ ਲੋਕ ਵੀ ਆ ਪਏ। ਜਥਾ ਇਥੋਂ ਚੱਲ ਕੇ ਅੱਧੀ ਰਾਤ ਤੋਂ ਪਹਿਲਾਂ ਹੀ ਕੋਟਲੇ ਦੀ ਜੂਹ ਵਿਚ ਸ਼ਹਿਰੋਂ ਬਾਹਰ ਇਕ ਕੋਹ ਦੀ ਵਿੱਥ ਤੇ ਇਕ ਪੁਰਾਣੇ ਬਾਗ ਵਿਚ ਅੱਪੜ ਗਿਆ।

15 ਜਨਵਰੀ ਸਵੇਰੇ ਸ਼ਹੀਦੀ ਜਥਾ ਕੋਟਲੇ ਪੁੱਜ ਗਿਆ। ਲੁਧਿਆਣੇ ਤੋਂ ਹੁਕਮ ਆਉਣ ਕਾਰਨ 14 ਜਨਵਰੀ ਦੀ ਸਾਰੀ ਰਾਤ ਕੋਟਲੇ ਦੀ ਫੌਜ ਪੁਲੀਸ ਆਦਿ ਨਿਗਰਾਨੀ ਕਰਦੀ ਰਹੀ ਸੀ ਪੂਣ ਲੋਅ ਲੱਗਣ ਤੇ ਉਹ ਹਟ ਗਏ ਸਨ ਕਿ ਹੁਣ ਕਿਹੜਾ ਆਉਂਦਾ ਹੈ। ਇਕ ਟੁੱਟੀ ਫਸੀਲ ਤੋਂ ਅੰਦਰ ਦਾਖਲ ਹੋ ਕੇ ਸਿੰਘਾਂ ਨੇ ਸ਼ਹਿਰ ਦੇ ਬੰਦ ਫਾਟਕ ਖੋਹਲ ਦਿੱਤੇ। ਛਾਬੀ ਦਰਵਾਜ਼ੇ ਦੇ ਪਾਸ। ਜਥੇ ਨੇ ਸ਼ਹਿਰ ਵਿਚ ਚੋਰ ਮਾਰਾਂ ਦੇ ਮਹੱਲੇ ਤੇ ਹੱਲਾ ਬੋਲਿਆ ਜਿੱਥੇ ਬੁੱਚੜ ਰਹਿੰਦੇ ਸਨ। ਕੋਤਵਾਲ ਤੋਂ ਗੁਰਮੁਖ ਸਿੰਘ ਨਾਲ ਹੋਏ ਧੱਕੇ ਦਾ ਬਦਲਾ ਲੈਣ ਲਈ ਜਥਾ ਕਿਲੇ ਦੇ ਚੌਕ ਵਿਚ ਕੋਤਵਾਲੀ ਦੇ ਸਾਹਮਣੇ ਜੈਕਾਰਾ ਗਜਾਉਂਦਾ ਪੁੱਜ ਗਿਆ। ਸਰਦਾਰ ਹੀਰਾ ਸਿੰਘ, ਲਹਿਣਾ ਸਿੰਘ ਘੋੜਿਆਂ ਤੇ ਸਵਾਰ ਸਭ ਤੋਂ ਅੱਗੇ ਡੰਗੇ ਲਹਿਰਾਉਂਦੇ ਜਥੇ ਨੂੰ ਵੈਰੀ ਦਲ ਵੱਲ ਸੇਧਿਤ ਕਰ ਰਹੇ ਸਨ। ਕੋਤਵਾਲੀ ਦੇ ਸਾਹਮਣੇ ਚੌਕ ਵਿਚ ਡੱਟ ਕੇ ਲੜਾਈ ਹੋਈ। ਕੋਤਵਾਲ ਅਹਿਮਦ ਖਾਨ ਤੇ ਉਸਦੇ 7 ਸਿਪਾਹੀ ਮਾਰੇ ਗਏ। ਦੋ ਜਣੇ ਇਕ ਮਨਸ਼ੀ ਸਮੇਤ ਗੰਭੀਰ ਜ਼ਖਮੀ ਹੋ ਗਏ। ਹੋਰ ਚਾਰਾਂ ਨੂੰ ਜ਼ਿਆਦਾ ਅਤੇ ਅੱਠਾਂ ਨੂੰ ਥੋੜੀਆਂ ਸੱਟਾਂ ਲੱਗੀਆਂ। ਜਥੇ ਦੇ 7 ਸਿੰਘ ਸ਼ਹੀਦ ਹੋਏ ਅਤੇ ਕੁਝ ਫੱਟੜ ਹੋਏ। ਇਕ ਫੱਟੜ ਨੂੰ ਸਿੰਘ ਨਾਲ ਨਾ ਲਿਜਾ ਸਕੇ, ਵਜ਼ੀਰ ਸਿੰਘ ਨੂੰ। ਉਹ ਕੋਟਲੇ ਵਾਲਿਆਂ ਦੇ ਕਾਬੂ ਆ ਗਿਆ। ਇਸ ਤੋਂ ਪਹਿਲਾਂ ਨਵਾਬ ਦੇ ਮਹਿਲ ਵਿਚ ਹਥਿਆਰਾਂ ਲਈ ਜਾਂ ਧਨ ਲਈ ਇਕ ਅਲਮਾਰੀ ਤੋੜਨ ਤੇ ਕਾਫੀ ਸਮਾਂ ਨਸ਼ਟ ਹੋ ਗਿਆ ਸੀ। ਜਦੋਂ ਖੁੱਲ੍ਹੀ ਤਾਂ ਉਸ ਵਿਚੋਂ ਮੁਕਦਮਿਆਂ ਦੀਆਂ ਮਿਸਲਾਂ ਅਤੇ ਕਾਗਜ਼-ਪੱਤਰ ਹੀ ਨਿਕਲੇ। ਦਿਨ ਚੜ੍ਹੇ, ਜਥੇ ਨੇ ਰੜ ਪਿੰਡ ਵਿਚ ਜਾ ਪੜਾਅ ਕੀਤਾ ਕਿਉਂਕਿ ਇਥੋਂ ਦੇ 4 ਕੂਕੇ ਸਿੰਘ ਗੁਰਦਿੱਤ ਸਿੰਘ, ਹੀਰਾ ਸਿੰਘ, ਕਰਮ ਸਿੰਘ, ਸੁੰਦਰ ਸਿੰਘ ਅਤੇ 2 ਭੁਜੰਗੀ ਬਿਸ਼ਨ ਸਿੰਘ ਅਤੇ ਹਰਨਾਮ ਸਿੰਘ ਕੁੱਲ 6 ਜਣੇ ਇਸ ਸ਼ਹੀਦੀ ਜਥੇ ਵਿਚ



Namdhari Elibrary NamdhariElibrary@gmail.com

ਸ਼ਾਮਲ ਸਨ। ਕੋਟਲਾ ਦੇ ਸੈਨਿਕ ਅਧਿਕਾਰੀ ਦੂਰ ਤਕ ਸਿੱਖਾਂ ਦਾ ਪਿੱਛਾ ਕਰਦੇ ਗਏ। ਪਰ ਜਦੋਂ ਸਿੱਖ ਹੱਲਾ ਕਰਕੇ ਵਾਪਸ ਪੈਂਦੇ ਤਾਂ ਉਹ ਵੀ ਛਿਪਨ ਛੋਤ ਹੋ ਜਾਂਦੇ।

ਪਿੰਡ ਭੂਦਨ ਦੇ ਥੇਹ ਤੇ ਦਫੇਦਾਰ ਸਮੰਦ ਖਾਂ ਤੇ ਜਥੇਦਾਰ ਹੀਰਾ ਸਿੰਘ ਨੇ ਇਕ ਦੂਜੇ ਨੂੰ ਤਲਵਾਰ ਦੇ ਜੌਹਰ ਵਿਖਾਏ। ਕਿਉਂ ਜੁ ਕੋਟਲੇ ਦੀ ਲੜਾਈ ਵੇਲੇ ਸਮੁੰਦ ਖਾਂ ਕਿਤੇ ਆਸੇ-ਪਾਸੇ ਗਿਆ ਸੀ। ਸਰਦਾਰ ਨੇ ਉਸਨੂੰ ਪਹਿਲਾ ਵਾਰ ਕਰਨ ਲਈ ਕਿਹਾ ਜੋ ਢਾਲ ਨਾ ਹੋਣ ਕਾਰਨ ਹੀਰਾ ਸਿੰਘ ਨੇ ਖੱਬੀ ਬਾਂਹ ਤੇ ਰੋਕਿਆ ਜੋ ਜ਼ਖ਼ਮੀ ਹੋ ਗਈ। ਫਿਰ ਹੀਰਾ ਸਿੰਘ ਦੇ ਇਕੋ ਵਾਰ ਨਾਲ ਸਮੁੰਦ ਖਾਨ ਦਾ ਸਿਰ ਧੌਣ ਤੋਂ ਕੱਦੂ ਜਿਉਂ ਟੁੱਟ ਗਿਆ। ਪਿਛੋਂ ਇਕ ਨਿਸ਼ਾਨਚੀ ਨੇ ਗੋਲੀ ਚਲਾ ਦਿੱਤੀ। ਗੋਲੀ ਹੀਰਾ ਸਿੰਘ ਦੇ ਹੱਥ ਵਿਚ ਲੱਗ ਕੇ ਘੋੜੇ ਵਿਚੋਂ ਨਿਕਲ ਗਈ। ਘੋੜਾ ਥਾਂ ਹੀ ਬੈਠ ਗਿਆ। ਹੀਰਾ ਸਿੰਘ ਬਚ ਗਿਆ। ਅੱਗੇ ਥੇਹ ਸੀ, ਉਸ ਥੇਹ ਪਰ ਜਾਇ ਕੇ ਹੀਰਾ ਸਿੰਘ ਨੇ ਬਰਛੀ ਗੱਡ ਕੇ ਬਚਨ ਕੀਤਾ "ਬਾਪੂ ਜੀ ਦਾ ਹੁਕਮ ਏਤਨਾ ਹੀ ਹੈ। ਅਸੀਂ ਤਾਂ ਅਗੇ ਪੈਰ ਨਹੀਂ ਤੋਰਨਾ ਹੈ। ਤੁਰੇ ਸਿੱਖ ਰੜ ਆਏ, ਤਲਵਾਰਾਂ ਕੀ ਫੇਰੀ ਲਗਾਇ ਦਿੱਤੀ। ਹੀਰਾ ਸਿੰਘ ਕਹਿਆ, ਸਾਨੂੰ ਜਿਤਨਾ ਹੁਕਮ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀ, ਉਤਨਾ ਬਰਤਾਇ ਦੀਆ ਹੈ। ਹੁਣ ਚਲੇ ਜਾਉ ਘਰਾਂ ਨੂੰ ਜਿਨ ਜਾਣਾ ਹੈ। ਜਿਸ ਸੀਸ ਦੇਣਾ ਹੈ, ਸੋ ਰਹੇ। ਅਸਾਂ ਤਾਂ ਸੀਸ ਦੇਣਾ ਹੈ, ਸੋ ਦੇਵਾਂਗੇ। ਤੁਸੀਂ ਚਲੇ ਜਾਉ ਹੁਣ।" [35]

ਰੜ ਪਿੰਡ ਦੇ ਪਿਪਲ ਵਾਲੇ ਖੂਹ ਤੇ ਸਿੱਖਾਂ ਨੇ ਉਤਾਰਾ ਕੀਤਾ। ਤੋਲ ਦੀ ਲੜਾਈ ਚਾਰ ਕੇ ਹੀਰਾ ਸਿੰਘ ਦਾ ਜ਼ਖ਼ਮੀ ਘੋੜਾ ਅਤੇ ਨਰਾਇਣ ਸਿੰਘ ਦਾ ਟੁੰਡ ਭਾਲਿਆ। ਸਰਦਾਰ ਹੀਰਾ ਸਿੰਘ ਦੇ ਰਿਸ਼ਤੇਦਾਰਾਂ ਅਤੇ ਹੋਰ ਪਿੰਡ ਵਾਲਿਆਂ ਨੇ ਸੇਵਾ ਕੀਤੀ। ਦੋ ਜ਼ਿਮੀਂਦਾਰ ਖੇਤੀਬਾੜੀ ਦਾ ਕੰਮ ਕਰਦੇ ਸਨ। ਉਹ ਵੀ ਜਥੇ ਵਿਚ ਆ ਸ਼ਾਮਲ ਹੋਏ। ਉਹਨਾਂ ਵਿਚੋਂ ਇਕ ਤਾਂ ਧਮੋਟ ਪਿੰਡ ਦਾ ਹਰਨਾਮ ਸਿੰਘ ਸੀ। ਸਿੱਖਾਂ ਦੇ ਰੋਕਣ ਦੇ ਬਾਵਜੂਦ ਵੀ ਉਹ ਜਥੇ ਦੇ ਨਾਲ ਹੀ ਰਹੇ ਅਤੇ ਸ਼ਹੀਦ ਹੋ ਗਏ। ਇੱਥੇ ਨੇੜੇ ਹੀ ਸ਼ੇਰਪੁਰ ਦਾ ਥਾਣਾ ਸੀ। ਸ਼ਹੀਦੀ ਜਥਾ ਹੁਣ ਆਪਣੇ ਆਪ ਹੀ ਥਾਣੇ ਦਾ ਰੁਖ ਕਰਦਾ ਹੈ। ਕੁਝ ਮੁਖਬਰ ਨਾਮਧਾਰੀ ਸਿੱਖਾਂ ਦੇ ਭੇਸ ਵਿਚ ਵੀ ਇਹਨਾਂ ਨੂੰ ਆਪਣੇ ਨਾਲ ਚੱਲ ਕੇ ਪਰਸ਼ਾਦ-ਪਾਣੀ ਛਕਣ ਲਈ ਕਹਿੰਦੇ ਰਹੇ। ਸਿੱਖ ਤਾਂ ਅੱਗੇ ਹੀ ਸੀਸ ਦੇਣ ਦੇ ਬਹਾਨੇ ਭਾਲਦੇ ਫਿਰਦੇ ਸਨ। ਗੱਲ ਕੀ, 15 ਜਨਵਰੀ ਦੀ ਰਾਤ ਨੂੰ ਇਹ ਸਾਰੇ ਸਿੱਖ ਸ਼ੇਰਪੁਰ ਦੇ ਥਾਣੇ ਵਿਖੇ ਪੁੱਜ ਗਏ ਅਤੇ ਲੁਧਿਆਣੇ ਵਿਚ ਰਹਿਣ ਵਾਲੇ ਮਹਾਰਾਜਾ ਪਟਿਆਲਾ ਦੇ ਵਕੀਲ ਨੇ ਕਮਿਸ਼ਨਰ ਫੋਰਸਾਇਥ ਨੂੰ ਇਹ ਖਬਰ ਭੇਜ ਦਿੱਤੀ ਕਿ "ਸੌਤਰ ਦੇ ਕਰੀਬ ਕੂਕਿਆਂ ਦਾ ਇਕ ਟੋਲਾ, ਜਿਹਨਾਂ ਚੋਂ ਕਈਆਂ ਪਾਸ ਬੰਦੂਕਾਂ ਸਨ, ਕਈਆਂ ਪਾਸ ਤਲਵਾਰਾਂ, ਬਾਕੀ ਦਿਆਂ ਪਾਸ ਗੰਡਾਸੇ ਅਤੇ ਡਾਂਗਾਂ, ਮਲੇਰਕੋਟਲੇ ਤੋਂ ਸ਼ੇਰਪੁਰ ਪਹੁੰਚਿਆ। ਸ਼ੇਰਪੁਰ ਮਲੇਰਕੋਟਲੇ ਤੋਂ 13 ਕੁ ਮੀਲ ਹੈ ਤੇ ਉਹਨਾਂ ਨੇ ਆਪਣੇ



Namdhari Elibrary NamdhariElibrary@gmail.com

ਆਪ ਨੂੰ ਅਮਰਗੜ੍ਹ ਦੇ ਨਾਜ਼ਮ ਦੇ ਹਵਾਲੇ ਕਰ ਦਿੱਤਾ ਹੈ। ਇਨ੍ਹਾਂ ਵਿਚੋਂ 30 ਕੁ ਆਦਮੀ ਫੱਟੜ ਹਨ। ਇਹ ਸਾਰੇ ਆਪਣੀ ਜ਼ਬਾਨੀ ਇਹ ਗੱਲ ਕਹਿੰਦੇ ਅਤੇ ਮੰਨਦੇ ਹਨ ਕਿ ਉਹ ਕਟਲੇ ਦੇ ਹੱਲੇ ਵਿਚ ਸ਼ਾਮਲ ਸਨ। ਜਿਹੜੇ ਕੂਕੇ ਇਸ ਹੱਲੇ ਵਿਚ ਸ਼ਾਮਲ ਸਨ ਉਨ੍ਹਾਂ ਦੀ ਗਿਣਤੀ 125 ਤੋਂ ਵੱਧ ਨਹੀਂ ਸੀ।"[21]

ਉਸ ਸਮੇਂ ਦੀ ਪੰਜਾਬ ਸਰਕਾਰ ਕੂਕਿਆਂ ਦੇ ਕਾਰਨਾਮਿਆਂ ਤੋਂ ਕਿਸ ਕਦਰ ਭੈ-ਭੀਤ ਸੀ, ਇਸਦਾ ਅੰਦਾਜ਼ਾ ਪੰਜਾਬ ਦੇ ਲਾਟ ਵੱਲੋਂ ਦਿਲੀ ਤੋਂ ਹਿੰਦ ਦੇ ਵਾਇਸਰਾਏ ਨੂੰ 16 ਜਨਵਰੀ ਨੂੰ 11 ਵੱਜ ਕੇ 25 ਮਿੰਟ ਸੁਬਹਾ ਦੇ ਬਸਲੋਂਤ ਭੇਜੀ ਤਾਰ ਵਿੱਚੋਂ ਮਿਲਦਾ ਹੈ "ਡਿਪਟੀ ਕਮਿਸ਼ਨਰ ਨੇ ਤਾਰ ਦਿੱਤੀ ਹੈ ਕਿ ਬਹੁਤ ਸਾਰੇ ਕੂਕੇ ਮਲੇਰਕੋਟਲੇ ਘੇਰ ਲਏ ਗਏ ਹਨ ਅਤੇ ਨਾਭੇ ਤੋਂ ਰਸਾਲਾ ਵੀ ਉਸ ਪਾਸ ਪਹੁੰਚ ਗਿਆ ਹੈ, ਪਰ ਮੈਂ ਫਿਰ ਵੀ ਇਸ ਫੌਜ ਨੂੰ ਜਾਣੋਂ ਨਹੀਂ ਰੋਕਿਆ। ਪਹਿਲੀਆਂ ਘਟਨਾਵਾਂ ਦੇ ਨਾਲ ਲੱਗਦੇ ਹੀ, ਇਨ੍ਹਾਂ ਉਪੱਦਰਵਾਂ ਦੇ ਹੋਵਣ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਇਸ ਫਿਰਕੇ ਦੇ ਆਗੂਆਂ ਨੇ ਇਕ ਖਤਰਨਾਕ ਅਤੇ ਨਾ ਠੀਕ ਹੋਣ ਵਾਲੀ ਸਾਜ਼ਿਸ਼ ਦੀ ਵਿਉਂਤ ਬਣਾਈ ਹੋਈ ਹੈ। ਜਦ ਤਕ ਇਹ ਆਗੂ ਖੁਲ੍ਹੇ ਫਿਰਦੇ ਹਨ, ਮੁਲਕ ਨੂੰ ਖਤਰਾ ਹੀ ਖਤਰਾ ਹੈ ਇਸ ਲਈ ਮੈਂ ਆਪਣੇ ਵੱਲੋਂ ਮਿ. ਫੋਰਸਾਇਥ ਨੂੰ (ਗੁਰੂ) ਰਾਮ ਸਿੰਘ ਅਤੇ ਵੱਡੇ ਸੂਬਿਆਂ ਨੂੰ ਗਰਿਫਤਾਰ ਕਰਨ ਦੇ ਅਧਿਕਾਰ ਦੇ ਦਿੱਤੇ ਹਨ, ਰੀਪੋਰਟ ਡਾਕ ਰਾਹੀਂ।"[22]

ਮਲੇਰਕੋਟਲੇ ਪਹੁੰਚਣ ਤੋਂ ਬਾਅਦ ਡੀ ਸੀ ਕਾਵਨ ਨੇ 16 ਜਨਵਰੀ ਸ਼ਾਮ ਦੇ ਸਾਢੇ ਸੱਤ ਵਜੇ ਜਿਹੜੀ ਚਿੱਠੀ ਮਿ. ਫੋਰਸਾਇਥ ਕਮਿਸ਼ਨਰ ਨੂੰ ਜੋ ਲੁਧਿਆਣੇ ਪੁੱਜ ਚੁੱਕਾ ਸੀ, ਭੇਜੀ ਸੀ ਉਸ ਵਿਚ ਵੀ ਉਹ ਘਟਨਾ ਦਾ ਗੰਭੀਰਤਾ ਬਾਰੇ ਆਪਣੇ ਸੱਚੇ ਸਮਝੇ ਵਤੀਰੇ ਦਾ ਫੈਸਲਾ ਹੀ ਲਿਖ ਰਿਹਾ ਮਲੂਮ ਹੁੰਦਾ ਹੈ-"ਉਹਨਾਂ ਦੇ ਜੁਰਮ ਕੋਈ ਸਧਾਰਨ ਨਹੀਂ ਹਨ। ਉਹਨਾਂ ਨੇ ਸਿਰਫ ਕਤਲ ਜਾਂ ਡਾਕਾਜ਼ਨੀ ਨਹੀਂ ਕੀਤੀ ਉਹ ਖੁੱਲਮ ਖੁੱਲ੍ਹੇ ਬਾਗੀ ਹਨ, ਉਹ ਵੈਧਾਨਿਕ ਸੱਤਾ ਦਾ ਬਗਾਵਤੀ ਵਿਰੋਧ ਕਰ ਰਹੇ ਹਨ ਅਤੇ ਇਸ ਬੀਮਾਰੀ ਨੂੰ ਫੈਲਣ ਤੋਂ ਰੋਕਣ ਲਈ ਤੁਰਤ ਫੁਰਤ ਕਠੋਰ ਅਤੇ ਦਬਾਉਣ ਵਾਲੀਆਂ ਕਾਰਵਾਈਆਂ ਮੁਕੰਮਲ ਤੌਰ ਤੇ ਜ਼ਰੂਰੀ ਹਨ। ਇਸ ਸਮੇਂ ਜਿਹੜੀ ਵੱਡੀ ਜ਼ਿੰਮੇਵਾਰੀ ਮੇਰੇ ਸਿਰ ਹੈ ਮੈਨੂੰ ਉਸਦਾ ਅਹਿਸਾਸ ਹੈ, ਪਰ ਜੇ ਮੈਂ ਵਧੀਆ ਕਾਰਗੁਜ਼ਾਰੀ ਕਰਦਾ ਹਾਂ ਤਾਂ ਮੇਰੀ ਤਸੱਲੀ ਹੋਵੇਗੀ ਅਤੇ ਇਸ ਪ੍ਰਗਟਦੀ ਬਗਾਵਤ ਨੂੰ ਤੁਰੰਤ ਉਖਾੜ ਸੁੱਟਣਾ ਹੈ।"[23]

ਇਸ ਪੱਤਰ ਤੋਂ ਬਾਅਦ ਫੋਰਸਾਇਥ ਨੇ ਕਾਵਨ ਨੂੰ ਤੁਰੰਤ ਪੱਤਰ ਲਿਖਿਆ ਕਿ ਮੈਂ ਇਕ ਗਾਰਦ ਭੇਜ ਰਿਹਾ ਹਾਂ ਜਿਹੜੀ ਕੈਦੀਆਂ ਨੂੰ ਲੈ ਕੇ ਲੁਧਿਆਣੇ ਆ ਜਾਵੇਗੀ ਅਤੇ ਫਿਰ ਉਹਨਾਂ ਤੇ ਮੁਕੱਦਮਾ ਚਲਾ ਕੇ ਸਜ਼ਾਵਾਂ ਦਿੱਤੀਆਂ ਜਾਣਗੀਆਂ। ਇਹ ਖਤ 17 ਜਨਵਰੀ ਨੂੰ ਦੁਪਹਿਰੇ ਜਿਹੇ ਕਾਵਨ ਨੂੰ ਮਿਲਿਆ ਸੀ ਜਦੋਂ ਹਾਲੇ ਕੈਦੀ ਕੋਟਲੇ ਨਹੀਂ ਪੁੱਜੇ ਸਨ ਪਰ ਕਾਵਨ ਦੇ ਸਿਰ ਤੇ ਤਾਂ ਭੂਤ



Namdhari Elibrary NamdhariElibrary@gmail.com

ਸੁਆਰ ਹੋ ਚੁੱਕਾ ਸੀ ਅਤੇ ਉਹ ਕੂਕਿਆਂ ਦੇ ਖੂਨ ਵਿਚ ਹੱਥ ਰੰਗ ਕੇ ਹੀ ਬਦਲੇ ਦੀ ਅੱਗ ਵਿਚ ਭੜਕ ਰਿਹਾ ਆਪਣਾ ਸੀਨਾ ਸ਼ਾਂਤ ਕਰਨਾ ਚਾਹੁੰਦਾ ਸੀ। ਅਤ ਉਸਨੇ ਆਪਣੀ ਜੇਬ ਵਿਚ ਪਾ ਲਿਆ ਅਤੇ ਇਸ ਬਾਰ ਬੇਫਿਕਰ ਹੋ ਗਿਆ। ਕਮਿਸ਼ਨਰ ਫੋਰਸਾਇਥ ਨੇ ਕਾਵਨ ਨੂੰ ਇਹ ਵੀ ਲਿਖਿਆ ਸੀ ਕਿ ਰਿਆਸਤ ਵਿਚ ਘਟਿਤ ਅਪਰਾਧਾਂ ਲਈ ਜੇ ਮੌਤ ਦੰਡ ਦੇਣਾ ਬਣਦਾ ਹੋਵੇ ਤਾਂ ਇਸਦੀ ਮਨਜ਼ੂਰੀ ਕਮਿਸ਼ਨਰ ਤੋਂ ਲੈਣੀ ਬਣਦੀ ਹੈ। ਜੋ ਵੀ ਕਾਰਵਾਈ ਇਸ ਸਬੰਧ ਵਿਚ ਕਾਵਨ ਕਰੇਗਾ ਉਹ ਤੁਰਤ ਫੁਰਤ ਉਸ ਦੁਆਰਾ ਪ੍ਰਸਤਾਵਿਤ ਸਜ਼ਾ ਤੇ ਮੋਹਰ ਲਾ ਦੇਵੇਗਾ। ਪਰ ਉਹ ਵਿਧੀ ਵਿਧਾਨ ਤੋਂ ਪਾਸੇ ਨਾ ਜਾਵੇ। ਪਰੰਤੂ ਕੂਕਿਆਂ ਦੀਆਂ ਵਹਿਸ਼ੀਆਨਾ ਢੰਗ ਨਾਲ ਜਾਨਾਂ ਲੈਣ ਦੀ ਕਾਰਵਾਈ ਨੂੰ ਉਹ ਆਪਣੀ ਸਰਕਾਰ ਦੇ ਬਿਹਤਰ ਹਿਤਾਂ ਵਿਚ ਕੰਮ ਕਰਨਾ ਦਸ ਰਿਹਾ ਸੀ। ਉਸਨੇ ਇਕ ਉਭਰਦੀ ਬਗਾਵਤ ਦਾ ਸਿਰ ਕੁਚਲ ਕੇ, ਮੁੜ ਅਜਿਹੀ ਘਟਨਾ ਨਾ ਦੁਹਰਾਏ ਜਾਣ ਦਾ ਬਾਹਨਣੂ ਬੰਨ੍ਹ ਦਿੱਤਾ ਸੀ।

ਕੂਕਾ ਕੈਦੀਆਂ ਨੂੰ ਸ਼ੇਰਪੁਰ ਦੇ ਕਿਲੇ ਤੋਂ ਮਲੇਰਕੋਟਲੇ ਦੀ ਰਿਆਸਤ ਵਿਚ ਲਿਆਉਣ ਸਮੇਂ ਦਾ ਵੇਰਵਾ ਸਿੱਖ-ਇਤਿਹਾਸ ਹਵਾਲਿਆਂ ਨਾਲ ਭਾਈ ਨਾਹਰ ਸਿੰਘ ਇਉਂ ਦਿੰਦੇ ਹਨ -

"ਸਾਰੇ ਇੰਤਜ਼ਾਮ ਮੁਕੰਮਲ ਕਰ ਕੇ ਅਤੇ ਹੁਕਮ ਆਵਣ ਤੇ 17 ਤਾਰੀਖ ਨੂੰ ਦਿਨ ਚੜ੍ਹੇ, ਸੱਯਦ ਨਿਆਜ਼ ਅਲੀ ਨੇ ਨਾਮਧਾਰੀ ਕੈਦੀਆਂ ਨੂੰ ਗੱਡਿਆਂ ਤੇ ਬਿਠਾਇਆ। ਜਿਹੜੇ ਬਹੁਤ ਜ਼ਿਆਦਾ ਫੱਟੜ ਸਨ, ਉਹ ਚਰਾਰੀਆਂ ਨੇ ਮੰਜਿਆਂ ਤੇ ਪਾ ਕੇ ਚੁੱਕ ਲਏ। ਜਿਹੜੇ ਪੈਰੀ ਤੁਰ ਸਕਦੇ ਸਨ, ਉਹ ਪੈਦਲ ਤੁਰ ਪਏ। ਪਟਿਆਲੇ ਦੀ ਫੌਜ ਦੀਆਂ ਪੈਦਲ ਅਤੇ ਰਸਾਲੇ ਦੀਆਂ ਗਾਰਦਾਂ ਦੇ ਪਹਿਰ ਵਿਚ ਸ਼ਹੀਦੀ ਜੱਥੇ ਨੂੰ ਸ਼ੇਰਪੁਰ ਤੋਂ ਕੋਟਲੇ ਵੱਲ ਤੋਰਿਆ ਗਿਆ। ਸਿੱਖ ਇਤਿਹਾਸ ਨੇ ਆਪਣੇ ਆਪ ਨੂੰ ਦੋਹਰਾਇਆ। 156 ਸਾਲ ਪਹਿਲਾ ਬਾਬਾ ਬੰਦਾ ਅਤੇ ਉਸਦੇ ਸਾਥੀ ਵੀ ਮੁਗਲ ਸਾਮਰਾਜ ਦੇ ਵਿਰੁਧ ਬਗਾਵਤ ਦੇ ਇਲਜ਼ਾਮ ਵਿਚ ਫੜੇ ਹੋਏ ਇਸੇ ਤਰ੍ਹਾਂ ਕਤਲ ਕਰਨ ਲਈ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਦਿੱਲੀ ਲਿਆਂਦੇ ਗਏ ਸਨ। ਸੰਨ 1716 ਤੋਂ 1747 ਈ. ਤਕ ਇਸੇ ਤਰ੍ਹਾਂ ਸਿੰਘਾਂ ਦੇ ਜੱਥਿਆਂ ਦੇ ਜਥੇ ਪੰਜਾਬ ਵਿਚ ਰਾਜ ਦੇ ਵੈਰੀ ਹੋਣ ਦੇ ਜੁਰਮ ਵਿਚ, ਬਾਹਰ ਪਿੰਡਾਂ ਵਿਚੋਂ ਫੜ ਕੇ ਲਾਹੌਰ ਨਖਾਸ ਵਿਚ ਲਿਆਂਦੇ ਜਾਂਦੇ ਤੇ ਕਤਲ ਕੀਤੇ ਜਾਂਦੇ। ਸੰਨ 1849-50 ਵਿਚ ਵੀ ਲਾਹੌਰ ਦੀ ਸਿੱਖ ਬਾਦਸ਼ਾਹਤ ਖਤਮ ਹੋਣ ਪਿਛੋਂ ਅੰਗਰੇਜ਼ੀ ਹਕੂਮਤ ਦੇ ਵਿਰੋਧੀਆਂ ਨੂੰ ਫੜ ਕੇ ਸਜ਼ਾਵਾਂ ਦੇਵਣ ਲਈ ਲਿਆਂਦਾ ਜਾਂਦਾ ਸੀ।

"ਗਦਰ ਤੋਂ 15 ਸਾਲ ਪਿਛੋਂ ਪਹਿਲੀ ਵਾਰ ਨਾਮਧਾਰੀ ਸਿੱਖਾਂ ਦਾ ਸ਼ਹੀਦੀ ਜੱਥਾ ਮੁਲਕ ਦੀ ਵਿਦੇਸ਼ੀ ਸਰਕਾਰ ਦੇ ਖਿਲਾਫ ਜੰਗ ਕਰਨ ਦੇ ਜੁਰਮ ਵਿਚ ਮੌਤ ਖਾਣ ਵੱਲ ਨੂੰ ਲਿਜਾਇਆ ਜਾ ਰਿਹਾ ਸੀ। ਪਰ ਇਸ ਜਥੇ ਦੀ ਵਿਲੱਖਣਤਾ ਇਹ ਸੀ ਕਿ ਜੱਥੇ ਦੇ ਸਾਰੇ ਬੰਦੇ



Namdhari Elibrary NamdhariElibrary@gmail.com

ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲ਼ੇ ਦੀ ਤਰ੍ਹਾਂ ਖੜ੍ਹੇ ਹੋ ਸਿਰਾਂ ਤੇ ਖੱਫਣ ਬੰਨ੍ਹ ਕੇ ਅੰਤ ਮੌਤ ਕਬੂਲ ਕਰ ਰਹੇ ਸਨ। ਗ੍ਰਿਫਤਾਰ ਹੋਣ ਪਿਛੋਂ ਨਾਮਧਾਰੀ ਸਿੱਖ ਆਪਣੇ ਨਿਸ਼ਾਨੇ ਜਾਂ ਮਰਨ ਲਈ ਬਹੁਤ ਕਾਹਲੇ ਪਏ ਸਨ। ਮਿਸਟਰ ਕਾਵਨ ਨੇ, ਸਰਕਾਰੀ ਕਾਨੂੰਨ, ਉਪਰਲੇ ਅਫਸਰਾਂ ਦੇ ਹੁਕਮ ਮੁਕਦਮਿਆਂ ਸਬੰਧੀ ਜ਼ਰੂਰੀ ਕਾਰਵਾਈਆਂ, ਮਿਸਲਾਂ ਦੇ ਪੇਟ ਭਰਨ ਆਦਿ ਨੂੰ ਪਰ੍ਹੇ ਸੁੱਟ ਕੇ, ਨਾਮਧਾਰੀਆਂ ਲਈ ਪੂਰਾ ਯਮਦੂਤ ਬਣਿਆ ਖੜ੍ਹਾ ਸੀ।"[24]

ਕਿਉਂਕਿ ਉਸ ਦਿਨ ਕਿਣ ਮਿਣ ਹੁੰਦੀ ਰਹੀ ਸੀ ਪਹਿਲੇ ਇਕ ਦੋ ਦਿਨਾਂ ਤੋਂ ਰਸਤੇ ਖਰਾਬ ਸਨ ਤੇ ਗੱਡੇ ਹੌਲ ਹੌਲ ਚੱਲ ਰਹੇ ਸਨ। ਮਿ. ਪਰਕਿਨਜ਼ ਪੁਲੀਸ ਕਪਤਾਨ ਨੇ ਹੋਰ ਬੈਲ ਇਕੱਠੇ ਕਰਕੇ ਵੀ ਭੇਜ ਦਿੱਤੇ ਸਨ। ਕਾਵਨ ਵਾਰ-ਵਾਰ ਬੂਟਾਂ ਦੇ ਠੁੱਡੇ ਮਾਰ ਮਾਰ ਧਰਤੀ ਪੁੱਟ ਰਿਹਾ ਅਤੇ ਦੰਦ ਪੀਹ ਰਿਹਾ ਸੀ ਬਦ ਹੱਥ ਵਿਚ ਫੜੀ ਸੋਟੀ ਕਦੀ ਖੱਬੀ ਤਲੀ ਤੇ ਮਾਰ ਕਦੀ ਸੱਜੀ ਤੇ। ਵਾਰ ਵਾਰ ਰਾਹ ਤੇ ਇਕ ਟਿਕੀ ਲਾਈ ਰੱਖੀ ਜਾਵੇ। ਚਾਰ ਅਤੇ ਪੰਜ ਵਜੇ ਦੇ ਦਰਮਿਆਨ ਸ਼ਹੀਦੀ ਜਥਾ ਮਲੇਰਕੋਟਲੇ ਦੇ ਜਮਾਲਪੁਰ ਦੇ ਲਾਗੇ ਪਰੇਡ ਗਰਾਊਂਡ ਵਿਚ ਪਹੁੰਚ ਗਿਆ ਜਿਥੇ ਪਟਿਆਲਾ, ਨਾਭਾ, ਜੀਂਦ ਸਿੱਖ ਰਿਆਸਤਾਂ ਦੇ 750 ਸੈਨਿਕ ਅਤੇ ਅਫਸਰ, 9 ਤੋਪਾਂ ਸਮੇਤ ਪੁੱਜੇ ਹੋਏ ਸਨ ਆਪਣੇ ਕਾਤਲ ਨੂੰ ਵੇਖਦਿਆਂ ਸਾਰ ਨਾਮਧਾਰੀ ਸੰਤ ਖਾਲਸਾ ਵੀ ਸੂਫੀ ਫਕੀਰ ਸਰਮਦ ਜਿਉਂ ਔਰੰਗਜ਼ੇਬੀ ਕਾਤਿਲ ਦੀ ਤਲਵਾਰ ਵੇਖ ਕੇ, ਨੱਚਣ ਕੁੱਦਣ ਲੱਗ ਪਿਆ ਕਵੀ ਹਰਨਾਮ ਸਿੰਘ ਬਗਲੀ ਵਾਲੇ ਦੇ ਸ਼ਬਦਾਂ ਵਿਚ-

"ਹਾਥੀ ਮਸਤ ਜਿਉਂ ਮਸਤ ਮਸਤਾਨੜੇ ਵੇ, ਬਹੁਤ ਖੂਬਸੂਰਤ ਉਚੇ ਜੁਆਨ ਸੋਹਣੇ।
ਸਾਹਬ ਵੇਖਦੇ ਸਾਰ ਪੈ ਗਿਆ ਰੌਲਾ, ਭੰਗੜਾ ਮਚਾਏ ਸਿੰਘ ਬਲਵਾਨ ਸੋਹਣੇ।
ਛਾਂਟੇ ਬਹੁਤ ਨਾਹਰੇ ਮਾਰੇ ਖਾਲਸੇ ਨੇ, ਉਠੇ ਗੂੰਜ ਕੇ ਮਿਲੀ ਅਸਮਾਨ ਸੋਹਣੇ।
ਕੰਨ ਪਾਈ ਨਾ ਸੁਣੇ ਹਰਨਾਮ ਸਿੰਘਾ, ਖੁਸ਼ੀਆਂ ਮੌਤ ਦੀਆਂ ਸਿੰਘ ਮਨਾਨ ਸੋਹਣੇ।[25]

ਕਾਵਨ, ਫੋਰਸਾਇਥ ਦੇ ਨਾਂ 17 ਜਨਵਰੀ ਖ਼ਤ ਵਿਚ ਵੀ ਲਿਖਦਾ ਹੈ, "ਇਹਨਾਂ ਸਾਰੇ (ਕੂਕੇ) ਕੈਦੀਆਂ ਦਾ ਚਲਨ ਨਾਬਰੀ ਵਾਲਾ ਅਤੇ ਅਸਹਿਣਯੋਗ ਹੈ, ਉਹ ਸਰਕਾਰ ਅਤੇ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ ਸਭ ਤੋਂ ਗੰਦੀਆਂ ਗਾਹਲਾਂ ਕੱਢ ਰਹੇ ਸਨ। ਸਾਰੇ ਮੰਨਦੇ ਸਨ ਕਿ ਉਹ ਮਲੌਦ ਅਤੇ ਕੋਟਲੇ ਦੇ ਹਮਲਿਆਂ ਵਿਚ ਸ਼ਾਮਲ ਸਨ ਅਤੇ ਆਪਣੀ ਕਾਰਵਾਈ ਨੂੰ ਮਹਿਮਾ ਮੰਡਿਤ ਕਰ ਰਹੇ ਸਨ। ਉਹ ਕਹਿੰਦੇ ਸਨ ਕਿ ਮਲੌਦ ਤੇ ਹਮਲਾ ਹਥਿਆਰਾਂ ਲਈ ਕੀਤਾ ਅਤੇ ਕੋਟਲੇ ਤੇ ਇਸ ਲਈ ਕਿ ਉਹਨਾਂ ਦਾ ਧਰਮ ਗਊ ਘਾਤੀਆਂ ਨੂੰ ਸੋਧਣ ਲਈ ਕਹਿੰਦਾ ਸੀ।"[26]

ਮਲੇਰਕੋਟਲੇ ਜਿਹੜੇ ਸੰਤ ਸਿੰਘ ਲੜਾਈ ਵਿਚ ਜੂਝ ਗਏ ਸਨ, ਸਿਵਲ ਸਰਜਨ



Namdhari Elibrary NamdhariElibrary@gmail.com

ਲੁਧਿਆਣਾ, ਜੋ ਵਿੰਨਜ਼ ਨੇ 18 ਜਨਵਰੀ ਨੂੰ ਡੀ.ਸੀ. ਲੁਧਿਆਣਾ ਦੇ ਨਾਮ ਪੱਤਰ ਵਿਚ ਨੋਟ ਕੀਤਾ ਹੈ ਕਿ ਇਹ ਸੱਤੇ ਲਾਸ਼ਾਂ ਤਲਵਾਰਾਂ ਨਾਲ ਬੁਰੀ ਤਰ੍ਹਾਂ ਕੱਟੀਆਂ ਵੱਢੀਆਂ ਸਨ, ਪਰ ਇਹਨਾਂ ਦੇ ਜ਼ਖਮ ਜ਼ਿਆਦਾ ਤਰ ਜਾਂ ਸਿਰ ਤੇ ਮਿਲਦੇ ਹਨ ਜਾਂ ਛਾਤੀ ਤੇ।" [22] ਸਨਮੁੱਖ ਹੋ ਕੇ ਮੌਤ ਵਰਨ ਵਾਲੀ ਸਿੱਖਾਂ ਦੀ ਕਸੌਟੀ ਤੇ ਖਰੇ ਉਤਰੇ।

ਲੁਧਿਆਣੇ ਦਾ ਪੁਲਿਸ ਕਪਤਾਨ ਮਿ. ਪਰਕਿਨਜ਼ ਵੀ ਜਥੇ ਦੇ ਆਗੂਆਂ ਹੀਰਾ ਸਿੰਘ ਅਤੇ ਲਹਿਣਾ ਸਿੰਘ ਹੁਰਾਂ ਨਾਲ ਗੱਲਾਂ-ਬਾਤਾਂ ਕਰਦਾ ਰਿਹਾ। ਉਹ ਲਿਖਦਾ ਹੈ ਕਿ "ਹੀਰਾ ਸਿੰਘ ਅਤੇ ਲਹਿਣਾ ਸਿੰਘ ਨੇ ਬਹੁਤ ਵਧੀਆ ਪੁਸ਼ਾਕਾਂ ਪਾਈਆਂ ਹੋਈਆਂ ਹਨ, ਅਤੇ ਉਹ ਅਮੀਰ ਆਦਮੀ ਹਨ। ਉਹਨਾਂ ਦੇ ਚਿਹਰੇ ਮੁਹਰਿਆਂ ਤੋਂ ਮਲੂਮ ਹੁੰਦਾ ਹੈ ਕਿ ਉਹ ਦਲੇਰ ਅਤੇ ਦ੍ਰਿੜ ਵਿਸ਼ਵਾਸ ਵਾਲੇ ਬੰਦੇ ਹਨ । ਕੈਦੀ ਖੁੱਲ੍ਹਮ ਖੁੱਲ੍ਹਾ ਕਹਿੰਦੇ ਸਨ ਕਿ ਅਸੀਂ ਇਹ ਸਰਕਾਰ ਨਹੀਂ ਰੱਖਣੀ, ਅਸੀਂ ਆਪਣੀ ਸਰਕਾਰ ਬਣਾਵਾਂਗੇ।" [23]

ਨਾਮਧਾਰੀ ਸਿੰਘਾਂ ਨੇ ਬੁੱਚੜਖਾਨਿਆਂ ਤੇ ਹਮਲਾ ਕਰਕੇ ਆਮ ਮੁਸਲਮਾਨਾਂ ਵਿਰੁੱਧ ਹਮਲਾ ਸੇਧਿਤ ਨਹੀਂ ਕੀਤਾ, ਸਗੋਂ ਬਰਤਾਨਵੀ ਸਰਕਾਰ ਦੀ "ਪਾੜੋ ਤੇ ਰਾਜ ਕਰੋ" ਦੀ ਨੀਤੀ ਨੂੰ ਨਿਸ਼ਾਨਾ ਬਣਾਇਆ। ਇਸੇ ਲਈ ਬਹੁਤ ਸਾਰੇ ਮੁਸਲਮਾਨ ਵੀ, ਸਮੇਤ ਰਾਏਕੋਟ ਵਾਲੇ ਰਾਇ ਕੱਲੇ ਦੇ ਵੰਸ਼ਜ, ਸਤਿਗੁਰੂ ਜੀ ਦੇ ਸ਼ਰਧਾਲੂ ਸਨ। ਸ੍ਰ. ਹੀਰਾ ਸਿੰਘ ਨੇ ਤਾਂ ਆਪਣੇ ਹੱਥੋਂ ਮਾਰੇ ਗਏ ਪਠਾਣ ਸਮੰਦ ਖਾਂ ਦੀ ਤਾਰੀਫ਼ ਕਰਦਿਆਂ ਉਸਦੇ ਪੁੱਤਰਾਂ ਦੇ ਗੁਜ਼ਾਰੇ ਦੀ ਵੀ ਹਾਜ਼ਰ ਲੋਕਾਂ ਅਤੇ ਅਧਿਕਾਰੀਆਂ ਨੂੰ ਸਿਫਾਰਸ਼ ਕੀਤੀ। ਰਾਏ ਬਾਹੋਵਾਲ, ਡੀ.ਸੀ. ਕਾਵਨ ਤੇ ਹੀਰਾ ਸਿੰਘ ਦੇ ਵਾਰਤਾਲਾਪ ਅਤੇ ਉਪਰੋਕਤ ਘਟਨਾ ਨੂੰ ਇਉਂ ਕਲਮਬੰਦ ਕਰਦੇ ਹਨ

"ਕਿਲੇ ਨੇ ਹੀਰਾ ਸਿੰਘ ਸੇ ਪੁੱਛਿਆ ਉਸਨੇ ਕਿਉਂ ਗਦਰ ਮਚਾਇਆ ਹੈ? ਹੀਰਾ ਸਿੰਘ ਨੇ ਕਹਿਆ, "ਤੁਸੀਂ ਗਊ-ਬੰਧ ਕਰਦੇ ਹੋ, ਅਸੀਂ ਗਊ-ਬੰਧ ਨਹੀਂ ਸਹਾਰ ਸਕਦੇ ਹੈਂ। ਗਊਆਂ ਦੀ ਰੱਛਿਆ ਵਾਸਤੇ ਗਦਰ ਮਚਾਇਆ ਹੈ। ਕਿਲਾ ਬੋਲਿਆ ਕਿ ਹਮ ਜਾਨਤੇ ਹੈਂ ਕਿ ਤੁਮਨੇ ਰਾਜ ਕੇ ਲੀਏ ਗਦਰ ਮਚਾਇਆ ਹੈ, ਪਰ ਰਾਜ ਸਾਨੂੰ ਖੁਦਾ ਕਾ ਦੀਆ ਹੋਇਆ ਹੈ, ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ। ਹੀਰਾ ਸਿੰਘ ਨੇ ਕਹਿਆ ਸਮੁੰਦ ਖਾਂ ਪਠਾਣ ਕਾ ਕੋਈ ਲੜਕਾ ਹੈ? ਮੰਗਾਵਾਂਗੇ। ਦੋ ਲੜਕੇ ਥੇ, ਆਏ। ਦੋਨੋਂ ਕੇ ਸਿਰ ਪਰ ਹੱਥ ਧਰਕੇ ਬਚਨ ਕੀਤਾ ਸਮੁੰਦ ਖਾਂਈ ਪਠਾਣ ਥਾ ਇਨ੍ਹਾਂ ਕਾ ਭੀ ਸੇਰ ਆਟਾ ਕਰ ਜਿਨ ਕਰਨਾ ਹੈ, ਪਠਾਨ ਕੇ ਪੂਤ ਹੈਂ।" [24]

ਅੰਗਰੇਜ਼ ਅਧਿਕਾਰੀਆਂ ਦੇ ਲਿਖੇ ਹੋਏ ਤੇ ਮੱਖੀ ਤੇ ਮੱਖੀ ਮਾਰਦਿਆਂ ਕਈ ਲੇਖਕ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਉਣ ਦੀ ਗੱਲ ਲਿਖ ਜਾਂਦੇ ਹਨ। ਸਾਡੇ ਪਾਸ ਇਤਿਹਾਸਕਾਰ



Namdhari Elibrary NamdhariElibrary@gmail.com

ਗਿਆਨੀ ਗਿਆਨ ਸਿੰਘ ਜੀ ਦੀ ਗਵਾਹੀ ਮੌਜੂਦ ਹੈ। ਆਪਣੀ ਪ੍ਰਸਿੱਧ ਰਚਨਾ "ਪੰਥ ਪ੍ਰਕਾਸ਼" ਵਿਚ ਸੂਰਬੀਰ ਬੰਦਾ ਅਤੇ ਉਸਦੇ ਸਾਥੀ ਸਿੰਘਾਂ ਦੀ ਸ਼ਹੀਦੀ ਦਾ ਵਰਣਨ ਕਰਦਿਆਂ ਕਵੀ ਜੀ ਭਾਵ-ਵਿਭੋਰ ਹੋ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਉਹਨਾਂ ਸਿੰਘਾਂ ਦਾ ਹਾਲ ਤਾਂ ਅਸਾਂ ਗ੍ਰੰਥਾਂ ਵਿਚ ਪੜ੍ਹਿਆ ਹੈ। ਪਰ ਕੂਕੇ ਜੋ ਅਸੀ ਆਪਣੇ ਨੇਤਰਾਂ ਨਾਲ ਸਾਖਸ਼ਾਤ ਵੇਖਿਆ ਹੈ-

"ਹਮ ਨਿਜ ਨੈਨਨ ਸੇ ਪਿਖਿਓ ਅਬ ਸਾਕੁ ਸੁਨਾਇ।
ਚੌਪਈ॥ ਉਨ ਹਿਤ ਹੁਕਮ ਅੰਗ੍ਰੇਜ਼ਨੀ ਆਯੋ। ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹ ਹੁਕਮ ਉਨੈ ਸੁਨ ਪਾਯੋ। ਖੁਸ਼ੀ ਭਏ ਅਤਿ ਹੋਇ ਹੁਲਸਾਯੋ।
ਮੁਖ ਪਰ ਲਾਲੀ ਚੜ੍ਹੀ ਘਨੇਰੇ। ਗਾਵਤ ਗੁਰੂ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋ ਆਇ ਪਤੰਗੋ। ਤਯੋ ਤੋਪਨ ਦਿਸ ਜਾਇ ਨਿਸੰਗੋ।
ਉਡੇ ਖੁਸ਼ੀ ਹੈ ਹੈ ਕਰ ਸਾਰੇ। ਜਰਾ ਨਾ ਕੀਨੇ ਧਰਕ ਪਿਆਰੇ।
ਇਹ ਹਮਨੇ ਖੁਦ ਨੈਨ ਨਿਹਾਰੇ।"

-"ਪੰਥ ਪ੍ਰਕਾਸ਼"-ਪੰਨਾ 513

ਸਾਕਾ ਮਲੇਰਕੋਟਲਾ ਦੇ ਹੋਰ ਬਹੁਤ ਸਾਰੇ ਚਸ਼ਮਦੀਦ ਗਵਾਹ ਵੀ, ਸਿੰਘਾਂ ਦੇ ਨੱਸ ਨੱਸ ਕੇ ਤੋਪਾਂ ਅੱਗੇ ਪਹੁੰਚਣ ਦਾ ਜਿਕਰ ਕਰਦੇ ਹਨ। ਮਾਈ ਇੰਦ ਕੌਰ ਅਤੇ ਖੇਮ ਕੌਰ ਇਸ ਸਾਕੇ ਤੋਂ ਬਾਅਦ ਕਾਫੀ ਸਮਾਂ ਜੀਵਿਤ ਰਹੇ। ਭਾਈ ਕਾਲਾ ਸਿੰਘ ਨੰਗਲ (ਲੁਧਿਆਣਾ) ਵਾਲੇ ਨਾਮਧਾਰੀ ਕਵੀ ਨੂੰ ਮਾਈ ਇੰਦ ਕੌਰ ਨੇ ਜੋ ਹੇੜਿਆਂ ਵਾਲੇ ਸ਼ਹੀਦ ਨੰਦ ਸਿੰਘ ਦੀ ਧਰਮਪਤਨੀ ਸੀ ਸਾਰਾ ਸ਼ਹੀਦੀ ਸਾਕਾ ਸੁਣਾਇਆ ਜੋ ਉਹਨਾਂ ਨੇ ਅੱਗੇ "ਪੰਥ ਪ੍ਰਕਾਸ਼ ਸਿੰਘਾਂ ਨਾਮਧਾਰੀਆਂ ਦਾ" ਵਿਚ ਕਾਨੀਬੰਦ ਕੀਤਾ ਸੀ। ਇਸ ਵਿਚ ਵੀ ਸਿੰਘਾਂ ਦੇ ਆਪ ਇਸ਼ਨਾਨ ਕਰ ਕੇ ਤੋਪਾਂ ਅੱਗੇ ਜਾ ਕੇ ਖੜ੍ਹ ਹੋਣ ਦਾ ਵੇਰਵਾ ਹੈ। 17 ਜਨਵਰੀ ਨੂੰ 49 ਸਿੰਘ ਤੋਪਾਂ ਨਾਲ ਸ਼ਹੀਦ ਕੀਤੇ ਗਏ। ਸ਼ਹੀਦ ਸਿੰਘਾਂ ਦੇ ਸਾਰੇ ਜਥੇਦਾਰ ਤਕਰੀਬਨ ਇਸੇ ਦਿਨ ਵਰੋਹ ਉਡਾ ਗਏ ਸਨ। ਭਾਈ ਬਿਸ਼ਨ ਸਿੰਘ ਰੱਤ ਪਿੰਡ ਦਾ 12 ਸਾਲਾ ਭੁਜੰਗੀ ਸੀ। ਉਸਦੀ ਵਾਰੀ ਆਈ ਤਾਂ ਕਾਵਨ ਦੀ ਮੇਮ ਨੇ ਉਸ ਨੂੰ ਮਾਫੀ ਮੰਗ ਕੇ ਜਾਨ ਬਚਾਉਣ ਦਾ ਸੁਝਾਅ ਦਿੱਤਾ। ਕਾਵਨ ਨੇ ਵੀ ਕਹਿ ਦਿੱਤਾ ਕਿ ਜੇ ਆਖ ਦੇਵੇਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ ਤਾਂ ਛੱਡ ਦਿੱਤਾ ਜਾਏਗਾ। ਬਾਲਕ ਬਿਸ਼ਨ ਸਿੰਘ ਨੇ ਕਿਹਾ ਕਿ ਮੈਂ ਸਾਹਿਬ ਦੇ ਕੰਨ ਵਿੱਚ ਦੱਸਾਂਗਾ, ਜਦੋਂ ਉਸ ਕੰਨ ਨੇੜੇ ਕੀਤਾ ਬਾਲਕ ਦੇ ਮੂੰਹ ਦੇ, ਉਹ ਕਾਵਨ ਦੀ ਦਾਹੜੀ ਨੂੰ ਚੰਬੜ ਗਿਆ। ਕਈ ਅੰਗਰੇਜ਼ ਦਾਹੜੀਆਂ ਰੱਖ ਲੈਂਦੇ ਸਨ। ਰਿਆਸਤ ਨਾਭਾ ਦੇ ਸਿਪਾਹੀ ਹੀਰਾ ਨੰਦ ਨੇ ਤਲਵਾਰ ਨਾਲ ਬਾਲਕ ਨੂੰ ਸ਼ਹੀਦ ਕਰ ਦਿੱਤਾ। ਅਗਲੇ ਦਿਨ 18 ਜਨਵਰੀ ਨੂੰ ਵਰਿਆਮ ਸਿੰਘ ਮਰਾਜ ਦੀ ਸ਼ਹੀਦੀ ਦਾ ਰੌਚਿਕ ਪ੍ਰਸੰਗ ਗਠਿਤ ਹੁੰਦਾ ਹੈ। ਉਹ ਮਹਾਰਾਜਾ ਪਟਿਆਲਾ ਦੇ



Namdhari Elibrary NamdhariElibrary@gmail.com

ਵਡੇਰਿਆਂ ਦੇ ਪਰਿਵਾਰ ਵਿਚੋਂ ਸੀ। ਇਸ ਲਈ ਸਿਫਾਰਸ਼ ਆ ਗਈ। ਇਹ ਕਹਿ ਕੇ ਕਿ ਇਸ ਦਾ ਕੱਦ ਮਧਰਾ ਹੈ, ਤੋਪ ਦੇ ਮੋਚ ਨਹੀਂ ਆਉਂਦਾ, ਛੱਡ ਦਿਉ। ਪਰੰਤੂ ਉਹ ਸਿਖ ਵਾਹਣ ਦੀਆਂ ਢੀਮਾਂ ਲਿਆ ਕੇ ਉਪਰ ਖੜ੍ਹਾ ਹ ਗਿਆ ਤੇ ਕਹਿੰਦਾ ਹੁਣ ਤਾਂ ਕੱਦ ਪੂਰਾ ਹੈ। ਗੋਲਾ ਮਾਰੋ। ਮੇਰਾ ਸਾਥ ਨਿਖੜਦਾ ਹੈ। ਇਸ ਨਰ-ਸੰਘਾਰ ਨੂੰ ਵੇਖਣ ਵਾਲੇ ਇਕ ਯੋਰਪੀਨ ਬਾਰੇ ਕਿਹਾ ਜਾਂਦਾ ਹੈ ਕਿ ਉਸਨੇ ਕਿਹਾ ਸੀ, "ਯੋਰਪ ਨੂੰ ਇਕ ਈਸਾ ਤੇ ਨਾਜ਼ ਹੈ। ਮੈਂ ਅੱਜ ਅਨੇਕਾਂ ਈਸਾ ਸੂਲੀ ਚੜ੍ਹਦੇ ਵੇਖੇ ਹਨ।" ਸਾਕਾ ਮਲੇਰਕੋਟਲਾ ਵਿਚ ਬਹੁਤ ਸਾਰੇ ਹੈਰਾਨ ਕਰਨ ਵਾਲੇ ਪਰਸੰਗ ਵਾਪਰੇ ਹਨ ਪਰ ਸਥਾਨਾਭਾਵ ਕਾਰਨ ਗੱਲ ਅੱਗੇ ਤੋਰਨੀ ਪੈ ਰਹੀ ਹੈ। 18 ਫਰਵਰੀ ਨੂੰ 16 ਸਿਖ ਜਿਹੜੇ ਤੋਪਾਂ ਨਾਲ ਉਡਾਏ ਗਏ ਉਹਨਾਂ ਦੇ ਨਾਮ ਸਰਕਾਰੀ ਰੀਕਾਰਡ ਵਿਚ ਦਰਜ ਹਨ। ਸ਼ਹੀਦ ਸਿੰਘ ਦੋਹਾਂ ਦਿਨਾਂ ਦੇ 66 ਹਨ ਜਿਹਨਾਂ ਦੀ ਯਾਦ ਵਿੱਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ, ਮਲੇਰਕੋਟਲੇ ਵਿਚ 66 ਮੋਰੀਆਂ ਵਾਲਾ ਖੰਡਾ ਅਤੇ ਸ਼ਾਨਦਾਰ ਸ਼ਹੀਦੀ ਸਮਾਰਕ ਉਸਰ ਚੁੱਕਾ ਹੈ। ਸਾਡਾ ਕੌਮੀ ਸ਼ਹੀਦ ਭਗਤ ਸਿੰਘ ਮਹਾਰਥੀ, ਦਿਲੀ, ਦੇ ਫਰਵਰੀ ਮਾਰਚ 1928 ਦੇ ਅੰਕ ਵਿਚ ਕੂਕਿਆਂ ਬਾਰੇ ਆਪਣੇ ਲੇਖ ਵਿਚ ਮਲੇਰਕੋਟਲੇ ਦੇ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾ ਸੁਮਨ ਭੇਟ ਕਰਦਿਆਂ ਲਿਖਦਾ ਹੈ ਕਿ ਭਾਵੇਂ ਆਪਣੇ ਮਿਸ਼ਨ ਵਿਚ ਉਹਨਾਂ ਨੂੰ ਤੁਰੰਤ ਸਫਲਤਾ ਨਹੀਂ ਮਿਲੀ ਪਰ ਉਹ ਸਾਡੇ ਕੌਮੀ ਸ਼ਹੀਦ ਹਨ। ਉਹਨਾਂ ਨੂੰ ਯਾਦ ਕਰਨਾ ਸਾਡਾ ਫਰਜ਼ ਹੈ। ਔਠ ਮਲੇਰਕੋਟਲੇ, 2 ਮਲੌਦ ਜੰਗ ਵਿਚ ਜੂਝ ਗਏ। 4 ਸਿੰਘ ਮਲੌਦ ਵਾਲੇ ਡਿਪਟੀ ਕਮਿਸ਼ਨਰ ਫੋਰਸਾਇਥ ਨੇ ਕਾਲੇ ਪਾਣੀ ਭੇਜ ਦਿੱਤੇ ਸਨ। ਇਸ ਤਰ੍ਹਾਂ ਇਹ ਗਿਣਤੀ 80 ਸ਼ਹੀਦਾਂ ਦੀ ਬਣਦੀ ਹੈ।

ਪੁਲਿਸ ਕਪਤਾਨ ਮੇਜਰ ਪਰਕਿਨਜ਼ ਦਾ ਇਹ ਕਥਨ ਕਿ ਕੂਕੇ ਕੂਹਣੀਆਂ ਤੱਕ ਡੂੰਘੇ ਖੂਨ ਵਿਚ ਬੈਠ ਸਨ, ਇਸ ਸਾਕੇ ਦੀ ਭੀਭਤਸਾ ਨੂੰ ਪਰਗਟਾਉਣ ਲਈ ਕਾਫੀ ਹੈ, ਜੋ ਉਸਨੇ ਆਪ ਵੀ 17 ਜਨਵਰੀ 1872 ਦੀ ਰੀਪੋਰਟ ਵਿਚ ਲਿਖਿਆ ਸੀ। ਸਾਕਾ ਮਲੇਰਕੋਟਲਾ ਨੂੰ ਨਾ ਸਿਰਫ ਪੰਜਾਬ ਦੇ, ਸਗੋਂ ਭਾਰਤੀ ਸੁਤੰਤਰਤਾ ਸੰਗਰਾਮ ਦੀ ਇਕ ਵਿਲੱਖਣ ਘਟਨਾ ਦੇ ਤੌਰ ਤੇ ਯਾਦ ਕੀਤਾ ਜਾਏਗਾ। ਬਾਅਦ ਵਿਚ ਬਰਤਾਨਵੀ ਪਾਰਲੀਮੈਂਟ ਵਿਚ ਰੌਲਾ ਪੈਣ ਤੇ ਅਤੇ ਭਾਰਤ ਦੇ ਅਖਬਾਰਾਂ ਵਿਚ ਜਿੰਨੇ ਕੁ ਛਪਦੇ ਸਨ, ਕਰੜੀ ਆਲੋਚਨਾ ਹੋਣ ਕਾਰਨ, ਕਾਵਨ ਨੂੰ ਨੌਕਰੀ ਤੋਂ ਬਰਤਰਫ ਕਰ ਦਿੱਤਾ ਗਿਆ ਅਤੇ ਫੋਰਸਿਥ ਨੂੰ ਅਵਧ ਭੇਜ ਦਿੱਤਾ ਜਿੱਥੇ ਉਸ ਤੋਂ ਨਿਆਇਕ ਸ਼ਕਤੀਆਂ ਖੋਹ ਲਈਆਂ ਗਈਆਂ। ਪਟਿਆਲਾ ਦੇ ਮਹਾਰਾਜਾ ਮਹਿੰਦਰ ਸਿੰਘ ਨੇ ਇਹਨਾਂ ਅਫਸਰਾਂ ਨੂੰ ਸਜਾਵਾਂ ਦਿੱਤੇ ਜਾਣ ਦਾ ਬੁਰਾ ਮਨਾਇਆ। ਭਾਰਤ ਸਰਕਾਰ ਨੂੰ ਆਪਣੇ ਫੈਸਲੇ ਤੇ ਪੁਨਰਵਿਚਾਰ ਕਰਨ ਲਈ ਬੇਨਤੀ ਕੀਤੀ।

*

ਮਲੌਦ ਤੇ ਨਾਮਧਾਰੀ ਸਿੰਘਾਂ ਦੇ ਹਮਲੇ ਤੋਂ ਬਾਅਦ ਡੀ.ਸੀ. ਲੁਧਿਆਣਾ ਨੇ 16 ਜਨਵਰੀ



Namdhari Elibrary NamdhariElibrary@gma .com

ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਮਲੌਦ ਬੁਲਾ ਭੇਜਿਆ। ਆਪ ਇਸ ਦਿਨ ਪੰਜ ਸੂਬਿਆਂ ਸਮੇਤ ਭੈਣੀ ਸਾਹਿਬ ਤੋਂ ਚੱਲ ਕੇ ਦੁਪਹਿਰੇ ਮਲੌਦ ਪੁੱਜ ਗਏ। ਡੀ ਸੀ ਕਾਵਨ ਆਪ ਨੂੰ ਉਡੀਕ ਵੀ ਰਿਹਾ ਸੀ ਅਤੇ ਕਿਉਂਕਿ ਮਲੇਰਕੋਟਲੇ ਵੀ ਹਮਲਾ ਹੋ ਚੁੱਕਾ ਸੀ ਉੱਥੇ ਜਾਣ ਲਈ ਵੀ ਕਾਹਲਾ ਸੀ ਉਸਨੇ ਸੰਖੇਪ ਗੱਲ ਬਾਤ ਕਰਕੇ ਆਪ ਨੂੰ ਲੁਧਿਆਣੇ ਬੁਲਾ ਲੈਣ ਲਈ ਕਿਹਾ ਜੇ ਲੋੜ ਪਈ ਤਾਂ। ਸਤਿਗੁਰੂ ਜੀ ਨੇ ਕਾਵਨ ਦੇ ਇਸ ਸਲੂਕ ਨੂੰ ਪਸੰਦ ਨਾ ਕੀਤਾ। ਮਲੌਦ ਤੋਂ ਵਾਪਸ ਆਪ ਸਿਆਹੜ ਪਿੰਡ ਵਿਚ ਆ ਰਹੇ। 16 ਜਨਵਰੀ ਦੀ ਰਾਤ ਅਤੇ 17 ਦਾ ਦਿਨ ਇਥੇ ਹੀ ਕੱਟਿਆ। ਰੁੜਕੀ ਦੇ ਬਾਣੀਏ ਸੋਣ ਸਿੰਘ ਕੂਕੇ ਨੇ, ਜਿਸਨੂੰ ਭਾਈ ਹੀਰਾ ਸਿੰਘ ਨੇ ਆਪ ਪਾਸ ਕਟਲੇ ਦੀ ਰਪਟ ਦੇਣ ਲਈ ਭੇਜਿਆ ਸੀ, ਮਲੇਰਕੋਟਲੇ ਹੋਲੇ ਦੀ ਸਾਰੀ ਵਾਰਤਾ ਆਪ ਨੂੰ ਸੁਣਾਈ। ਇਥੇ ਹੀ ਸਤਾਰਾਂ ਜਨਵਰੀ ਨੂੰ ਤੋਪਾਂ ਦੀ ਆਵਾਜ਼ ਸੁਣਕੇ ਸੂਬੇ ਕਾਹਨ ਸਿੰਘ ਨਿਹੰਗ ਨੂੰ ਕਿਹਾ "ਦੇਖ ਭਾਂ, ਤੋਪ ਭਰਮਾਰ ਹੈ ? ਉਸ ਦੇ 'ਹਾਂ' ਕਰਨ ਤੇ ਕਿਹਾ ਇਹ ਮੇਰੇ ਲਾਡਲਿਆਂ ਤੇ ਹੀ ਚੱਲ ਰਹੀਆਂ ਹਨ ਇਸ ਸਮੇਂ ਆਪ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸਵੈਯਾ ਉਚੀ ਉਚੀ ਪੜ੍ਹਨਾ ਸ਼ੁਰੂ ਕਰ ਦਿੱਤਾ-"ਦੇਹਿ ਸਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।" ਇਹ ਵੀ ਫੁਰਮਾਇਆ "ਚੰਗਾ ਹੋਇਆ ਚੜ੍ਹ ਗਏ, ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ।"

18 ਜਨਵਰੀ ਨੂੰ ਕਮਿਸ਼ਨਰ ਦੀ ਹਾਜ਼ਰੀ ਵਿਚ ਜਿਹਨਾਂ 16 ਕੂਕੇ ਸਿੰਘਾਂ ਤੇ ਸੰਖੇਪ ਅਦਾਲਤੀ ਨਾਟਕ ਦਾ ਸਆਂਗ ਰਚਿਆ ਗਿਆ ਸੀ, ਜਦੋਂ ਉਹਨਾਂ ਨੂੰ ਗਵਾਹਾਂ ਤੇ ਜਿਰਹ ਕਰਨ ਕੋਈ ਪ੍ਰਸ਼ਨ ਪੁੱਛਣ ਲਈ ਕਿਹਾ ਗਿਆ ਤਾਂ ਉਹਨਾਂ ਨੇ ਸਿਰ ਫੇਰ ਦਿੱਤਾ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਬ੍ਰਿਟਿਸ਼ ਸੰਸਥਾਵਾਂ ਅਦਾਲਤਾਂ ਆਦਿ ਦੇ ਬਾਈਕਾਟ ਦੇ ਹੁਕਮ ਨੂੰ ਅੱਖਰ-ਅੱਖਰ ਸਿਰੇ ਚੜ੍ਹਾ ਦਿੱਤਾ ਜਾਵੇ ਇਸਦੇ ਬਦਲੇ ਤੋਪਾਂ ਦੇ ਗੋਲਿਆਂ ਨੇ ਉਹਨਾਂ ਦੇ ਸਰੀਰਾਂ ਨੂੰ ਤੂੰਬਾ-ਤੂੰਬਾ ਕਰਕੇ ਉਡਾ ਦਿੱਤਾ ਸੀ। ਇਸੇ ਲਈ ਸਾਡਾ ਸ਼ਹੀਦੇ-ਆਜ਼ਮ ਭਗਤ ਸਿੰਘ ਕਿਹਾ ਕਰਦਾ ਸੀ ਕਿ ਨਾਮਧਾਰੀ ਸਿੰਘਾਂ ਦਾ ਬਾਈਕਾਟ, ਗਾਂਧੀ ਜੀ ਦੇ ਕਾਂਗਰਸੀ ਚੇਲਿਆਂ ਦੇ ਬਾਈਕਾਟ ਨਾਲੋਂ ਉੱਚੇ ਦਰਜੇ ਦਾ ਸੀ।

ਹੁਣ ਅੰਗਰੇਜ਼ ਸਰਕਾਰ ਨੇ ਭਾਰਤ ਦੇ ਮਹਾਨ ਸਪੂਤ, ਪੰਜਾਬ ਦੀ ਇਸ ਸਮੇਂ ਤੇਜ਼ ਚਾਰ-ਚੁਫੇਰੇ ਫੈਲ ਚੁੱਕੀ ਇਨਕਲਾਬੀ ਲਹਿਰ ਦੇ ਮਹਾਂ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਹੱਥ ਪਾਉਣ ਦੀ ਪੱਕੀ ਠਾਣ ਲਈ ਸੀ। ਸ੍ਰੀ ਸਤਿਗੁਰੂ ਜੀ ਨੂੰ ਆਪਣੇ ਅਨੁਭਵ ਦੇ ਆਧਾਰ ਤੇ ਇਹ ਗਿਆਤ ਹੋ ਚੁੱਕਾ ਸੀ ਕਿ ਉਹਨਾਂ ਦਾ ਸਰੀਰ ਅਤੇ ਪੰਥ ਅੰਗਰੇਜ਼ ਹਾਕਮਾਂ ਦੀਆਂ ਅੱਖਾਂ ਵਿੱਚ ਬਹੁਤ ਰੜਕ ਰਿਹਾ ਸੀ, ਇਸ ਲਈ ਉਹ ਅਕਸਰ ਹੀ ਸੰਗਤ ਨੂੰ ਕਿਹਾ ਕਰਦੇ ਸਨ-"ਫਰੰਗੀ ਨੇ ਇਕ ਨਾ ਇਕ ਦਿਨ ਉਹਨਾਂ ਨੂੰ ਹੱਥ ਪਾਉਣਾ ਹੀ ਪਾਉਣਾ ਹੈ। ਸਾਡੇ ਗਏ ਤੋਂ ਬਿਨਾਂ ਧਰਮ ਨਹੀਂ



Namdhari Elibrary NamdhariElibrary@gmail.com

ਤੁਰਨਾ ਹੈ। ਅਸੀਂ ਤਾਂ ਖੇਡ ਕਰਨ ਆਏ ਹਾਂ। ਇਕ ਦਿਨ ਅਛੋਪਲੇ ਹੀ ਤੁਹਾਡੇ ਵਿਚੋਂ ਪਾਸੇ ਜਾ ਬੈਠਾਂਗਾ।" ਇਹਨਾ ਬਚਨਾਂ ਦੁਆਰਾ ਉਹ ਵਾਪਰਨ ਵਾਲਾ ਭਾਣਾ ਮੰਨਣ ਲਈ ਆਪਣੇ ਸਿੱਖਾਂ ਨੂੰ ਮਨੋਵਿਗਿਆਨਕ ਤੌਰ ਤੇ ਵੀ ਤਿਆਰ ਕਰ ਰਹੇ ਸਨ। ਕਰਮ ਕੌਰ ਨਾ ਦੀ ਇਕ ਬੀਬੀ ਨੇ ਕੁਝ ਸਮਾਂ ਪਹਿਲਾਂ ਕਾਲੀ ਉੂਨ ਦੀ ਬਰੀਕ ਲੋਈ ਉਣ ਕੇ ਆਪ ਦੀ ਭੇਟ ਕੀਤੀ ਸੀ ਤਾਂ ਆਪਨੇ ਫੁਰਮਾਇਆ ਸੀ "ਬੀਬੀ' ਲੈ ਆਈ ਹੈਂ ਸਾਡੇ ਦੇਸ਼ ਨਿਕਾਲੇ ਦਾ ਸਮਿਆਨ।"

ਕਮਿਸ਼ਨਰ ਫੋਰਸਾਇਥ ਨੂੰ ਦਿੱਲੀ ਤੋਂ ਲੁਧਿਆਣੇ ਤੋਰਨ ਸਮੇਂ ਲਾਟ ਪੰਜਾਬ ਨੇ ਸਤਿਗੁਰੂ ਰਾਮ ਸਿੰਘ ਅਤੇ ਮੁੱਖੀ ਸੂਬਿਆਂ ਦੀ ਗਿਰਫਤਾਰੀ ਦੀ ਜ਼ੁਬਾਨੀ ਹਦਾਇਤ ਦੇ ਕੇ ਇਸ ਕੰਮ ਨੂੰ ਫੁਰੰਤ ਕਰਨ ਲਈ ਕਿਹਾ ਸੀ। ਕਮਿਸ਼ਨਰ ਨੂੰ ਲੁਧਿਆਣੇ ਪਹੁੰਚਣ ਸਮੇਂ ਇਹ ਤਾਂ ਪਤਾ ਲੱਗਿਆ ਕਿ ਡੀ ਸੀ ਕਾਵਨ ਨੇ ਆਪਨੂੰ ਮਲੌਦ ਸੱਦਿਆ ਹੈ, 17 ਜਨਵਰੀ ਨੂੰ। ਪਰ ਉਸ ਨੂੰ ਇਹ ਪਤਾ ਨਹੀਂ ਸੀ ਕਿ ਡੀ ਸੀ ਨੇ ਵਾਪਸ ਭੈਣੀ ਸਾਹਿਬ ਹੀ ਭੇਜ ਦਿੱਤੇ ਹਨ। ਸੋ ਉਹ ਤਾਂ ਆਪ ਨੂੰ ਸ਼ਾਮ ਤੋਂ ਪਹਿਲਾਂ ਪਹਿਲਾਂ ਲੁਧਿਆਣੇ ਉਡੀਕ ਰਿਹਾ ਸੀ। ਪਰ ਜਦੋਂ ਆਪ ਦੁਪਹਿਰ ਤਕ ਉਥੇ ਨਾ ਪੁਜੇ ਤਾਂ ਉਸ ਲੈਫਟੀਨੈਂਟ ਕਰਨਲ ਬਲੀ ਡੀ ਆਈ ਜੀ ਪੁਲੀਸ ਨੂੰ ਫੌਜ ਅਤੇ ਪੁਲੀਸ ਦੀ ਮੱਦਦ ਨਾਲ ਤੁਰੰਤ ਸਤਿਗੁਰੂ ਜੀ ਅਤੇ ਸੂਬਿਆਂ ਦੀ ਗਰਿਫਤਾਰੀ ਲਈ ਕਿਹਾ। ਮਿਸਟਰ ਬੇਲੀ ਕੁਝ ਸੈਨਿਕਾਂ ਸਮੇਤ ਪਹਿਲਾਂ ਮਲੌਦ ਲਈ ਨਿਕਲਿਆ, ਪਰ ਡੇਹਲੋਂ ਥਾਣੇ ਤੋ ਉਸਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਤਾਂ ਭੈਣੀ ਸਾਹਿਬ ਨੂੰ ਵਾਪਸ ਪਰਤ ਗਏ ਹਨ। ਇਸ ਤੇ ਉਹ ਸਾਹਨੇਵਾਲ ਥਾਣੇ ਪੁੱਜ ਗਿਆ ਜਿੱਥੇ ਉਸਨੂੰ ਦੱਸਿਆ ਗਿਆ ਕਿ ਸਤਿਗੁਰੂ ਜੀ ਮਲੌਦ ਤੋ ਭੈਣੀ ਸਾਹਿਬ ਪੁਜ ਗਏ ਹਨ ਅਤੇ ਸਾਹਨੇਵਾਲ ਤੋਂ ਡਿਪਟੀ ਇੰਸਪੈਕਟਰ ਬਾਹ-ਵਲੀ ਖਾਂ ਅਤੇ ਡਿਪਟੀ ਇੰਸਪੈਕਟਰ ਪੁਲੀਸ ਗੁਲਾਬ ਸਿੰਘ ਵੀ ਗਾਰਦ ਸਮੇਤ ਭੈਣੀ ਸਾਹਿਬ ਪੁੱਜ ਗਏ ਹਨ।

"ਇਸ ਤੇ ਮਿਸਟਰ ਬੇਲੀ ਸਾਹਨੇਵਾਲ ਹੀ ਠਹਿਰ ਗਿਆ ਅਤੇ ਭੈਣੀ ਸਾਹਿਬ ਤੋਂ ਦੂਸਰੀ ਖਬਰ ਸੁਣਨ ਦੀ ਉਡੀਕ ਕਰਨ ਲੱਗਾ। ਕੋਈ ਇਕ ਘੰਟਾ ਪਿਛੋਂ ਰਾਤ ਨੂੰ ਬਾਹ ਵਲੀ ਖਾਂ ਨੇ ਆ ਕੇ ਰੀਪੋਰਟ ਦਿੱਤੀ ਕਿ ਗੁਰੂ ਰਾਮ ਸਿੰਘ ਜੀ ਚਾਰ ਹੋਰ ਨਾਮਧਾਰੀਆਂ ਸਮੇਤ ਡਿਪਟੀ ਇੰਨਸਪੈਕਟਰ ਗੁਲਾਬ ਸਿੰਘ ਦੀ ਗਾਰਦ ਦੇ ਪਹਿਰੇ ਵਿਚ ਭੈਣੀ ਸਾਹਿਬ ਤੋਂ ਲੁਧਿਆਣੇ ਨੂੰ ਚਲੇ ਗਏ ਹਨ। ਦਰਅਸਲ ਸਤਿਗੁਰੂ ਜੀ ਅਜੇ ਮਲੌਦ ਤੋਂ ਵਾਪਿਸ ਆ ਕੇ ਘੋੜਿਆਂ ਤੋਂ ਉਤਰੇ ਹੀ ਸਨ ਕਿ ਥਾਣੇਦਾਰ ਨੇ ਪੈਰੀਂ ਪੈਰ ਰਲਦਿਆਂ, ਆਪ ਜੀ ਨੂੰ ਕਮਿਸ਼ਨਰ ਦਾ ਹੁਕਮ ਜਾ ਸੁਣਾਇਆ ਕਿ ਆਪ ਜਲਦੀ ਤੋਂ ਜਲਦੀ ਸੂਬਿਆਂ ਸਮੇਤ ਲੁਧਿਆਣੇ ਪਹੁੰਚ ਕੇ ਕਮਿਸ਼ਨਰ ਦੇ ਪੇਸ਼ ਹੋ ਜਾਵਣ। ਇਸ ਸਮੇਂ ਛੋਟੇ ਭਰਾਤਾ ਮਹਾਰਾਜ ਬੁਧ ਸਿੰਘ ਜੀ ਨੇ ਡਿਪਟੀ ਕਮਿਸ਼ਨਰ ਦੇ ਸਾਹਮਣੇ ਪੇਸ਼ ਹੋ ਕੇ, ਸਾਰੇ ਜੁਰਮ ਆਪਣੇ ਸਿਰ ਲੈਵਣ ਦੇ ਇਕਬਾਲੀ ਬਿਆਨ ਦੇਣ ਦੀ ਬੇਨਤੀ ਕੀਤੀ ਜਿਸ ਦੀ ਆਪ ਨੇ



Namdhari Elibrary NamdhariElibrary@gmail.com

ਆਗਿਆ ਨਾ ਦਿੱਤੀ।"[39]

ਆਪ ਨੇ ਮਲੇਰ ਤੋਂ ਮੁੜਦਿਆਂ ਹੀ ਭੈਣੀ ਸਾਹਿਬ ਵਿਚ ਹਾਜ਼ਰ ਸੰਗਤ ਨੂੰ ਵਾਪਰਨ ਵਾਲੇ ਭਾਣੇ ਦਾ ਸੰਕੇਤ ਦਿੰਦਿਆਂ ਕਹਿ ਦਿੱਤਾ ਸੀ ਤਿੱਖੀ ਸੁਰ ਵਿਚ ਕਿ ਸਭ ਆਪੋ ਆਪਣੇ ਘਰਾਂ ਨੂੰ ਚਲੇ ਜਾਓ। ਜਿਹੜਾ ਏਥੇ ਰਹੇਗਾ ਸੋ ਔਖਾ ਹੋਵੇਗਾ। ਜਦੋਂ ਪੁਲੀਸ ਅਫ਼ਸਰ ਨੇ ਆਪ ਨੂੰ ਚੱਲਣ ਦਾ ਹੁਕਮ ਸੁਣਾਇਆ। ਕਿਉਂਕਿ ਘੜ ਸਫ਼ਰ ਦੇ ਔਖ ਹੁੰਦੇ ਸਨ, ਇਸ ਲਈ ਗੱਡੇ ਦੀ ਸਵਾਰੀ ਕਰਨ ਦਾ ਹੁਕਮ ਦਿੱਤਾ। ਪੱਖਲੀਆਂ ਲਾਇ ਕੇ ਗੱਡਾ ਕੋਠੇ ਜਿਉਂ ਤਿਆਰ ਕਰ ਲਿਆ। ਗੁਰਦਿੱਤ ਸਿੰਘ ਮੱਦੇ ਪਿੰਡ ਵਾਲਾ ਗਾਡੀ ਸੀ। ਤੁਰਨ ਦਾ ਅਰਦਾਸਾ ਸ੍ਰੀ ਹਜ਼ੂਰ ਨੇ ਆਪ ਸੋਧਿਆ। ਉਸ ਗਾਲੀ ਕੰਬਲੀ ਦੀ ਬੁੱਕਲ ਮਾਰੀ। ਸੇਵਕ ਵਜੋਂ ਨਾਨੂੰ ਸਿੰਘ, ਪਿੰਡ ਗੁਰਬਖ਼ ਨਾਲ ਗਿਆ। ਸੂਬਾ ਜਵਾਹਰ ਸਿੰਘ ਅਤੇ ਸੂਬਾ ਸਾਹਿਬ ਸਿੰਘ ਨੂੰ ਭੈਣੀ ਸਾਹਿਬ ਤੋਂ ਇਹ ਅੰਤਿਮ ਯਾਤਰਾ ਆਪ ਜੀ ਨਾਲ ਕਰਨ ਦਾ ਸੁਭਾਗ ਹਾਸਲ ਹੋਇਆ। ਸੰਗਤ ਨੂੰ ਇਹ ਹੁਕਮ ਕੀਤਾ ਕਿ ਹੁਣ ਰਾਤ ਨੂੰ ਸਭੇ ਕੋਈ ਨਾ ਸਾਂ ਜਪੁਜੀ ਸਾਹਿਬ ਦਾ ਪਾਠ ਕਰੇ ਜਾਂ ਭਜਨ ਕਰੇ। ਸਵੇਰੇ ਸਵਾ ਗਿਆਰਾਂ ਰੁਪੈ ਦਾ ਕੜਾਹ ਪ੍ਰਸਾਦਿ ਕਰਕੇ ਵਰਤਾਕੇ ਘਰੋ ਘਰੀ ਤੁਰ ਜਾਣ ਬਾਰੇ ਕਿਹਾ।

ਉਸ ਸਮੇਂ ਦਾ ਸ੍ਰੀ ਭੈਣੀ ਸਾਹਿਬ ਦਾ ਦ੍ਰਿਸ਼ ਵਰਣਨ ਤੋਂ ਬਾਹਰ ਹੈ। ਪਿਤਾ ਬਾਬਾ ਜੱਸਾ ਸਿੰਘ ਅੱਜ ਫੇਰ ਦਸਰਥ ਵਾਂਗ ਵਿਆਕੁਲ ਹੈ ਜਿਸ ਦਾ 'ਰਾਮ' ਬਣਾਂ ਨੂੰ ਜਾ ਰਿਹਾ ਹੈ ਉਸ ਰਾਮ ਦੇ ਬਨਵਾਸ ਦੀ ਤਾਂ ਮਿਆਦ ਸੀ, ਇੱਥੇ ਕੋਈ ਮਿਆਦ ਨਹੀਂ। ਭਰਤ ਵਾਲੀ ਹਾਲਤ ਵਿਚ ਭਾਈ ਬੁੱਧ ਸਿੰਘ ਜੀ ਹਨ। ਪੁੱਤਰੀ ਨੰਦਾਂ ਅਤੇ ਪ੍ਰਾਣ-ਪਿਆਰੀ ਸੰਗਤ ਦਾ ਵਿਰਲਾਪ। ਹਜ਼ੂਰ ਨੇ ਧਰਵਾਸ ਦੇ ਬਚਨ ਵੀ ਬੋਲੇ, "ਮੇਰੀ ਉਡੀਕ ਰੱਖਿਓ। ਜਦੋਂ ਤੱਕ ਧਰਤੀ ਤੇ ਧਰਮ ਨਹੀ ਵਰਤਦਾ। ਜਦੋਂ ਤੱਕ ਗਊ-ਗਰੀਬ ਦੇ ਗਲੋਂ ਫਾਹੀ ਨਹੀਂ ਲਹਿੰਦੀ, ਮੈਂ ਕਿਤੇ ਨਹੀਂ ਜਾਵਾਂਗਾ। ਮੈਂ ਏਥੇ ਹੀ ਤੁਹਾਡੇ ਅੰਗ ਸੰਗ ਤੁਹਾਡੇ ਹਰ ਸੰਘਰਸ਼ ਦੀ ਅਗਵਾਈ ਕਰਾਂਗਾ। ਦੇਸ਼-ਆਜ਼ਾਦੀ ਦੀ ਜਿਹੜੀ ਚਿਣਗ ਮੈਂ ਲਾ ਚੱਲਿਆ ਹਾਂ ਇਸਨੇ ਇਕ ਦਿਨ ਭਾਂਬੜ ਬਣ ਕੇ ਸਾਰੀਆਂ ਲੁਟੇਰੀਆਂ ਅਤੇ ਜ਼ਾਲਮ ਵਿਦੇਸ਼ੀ ਤਾਕਤਾਂ ਨੂੰ ਨੇਸਤੋ-ਨਾਬੂਦ ਕਰ ਦੇਣਾ ਹੈ।"

ਗੁਰੂ ਵਿਛੋੜੇ ਦੀ ਇਹ ਧਰੋਹਰ ਆਪਣੀ ਮਿੱਟੀ ਨੂੰ ਮੋਹ ਕਰਨ ਵਾਲੇ ਜਾਂ ਬਾਜਾਂ ਦਾ ਕੀਮਤੀ ਸਰਮਾਇਆ ਹੈ। ਗੱਡਾ ਜਿਵੇਂ ਜਿਵੇਂ ਭੈਣੀ ਸਾਹਿਬ ਦੀ ਜੂਹ ਤੋਂ ਦੂਰ ਹੁੰਦਾ ਜਾ ਰਿਹਾ ਸੀ, -ਬਿਰਹੋਂ ਵਿਹੂੰਨੇ ਦਿਲਾਂ ਦੀਆਂ ਹੂਕਾਂ ਲੋਕ-ਗੀਤ ਵਿਚ ਢਲਦੀਆਂ ਜਾ ਰਹੀਆਂ ਹਨ

"ਜੀ ਰਘੁਪਤਿ ! ਧੀਰ ਚਲੋ ਧੀਰ ਚਲੋ ਮੈਂ ਹਾਰੀ,
ਜੀ ਰਘੁਪਤਿ ! ਧੀਰ ਚਲੋ।



Namdhari Elibrary NamdhariElibrary@gmail.com

ਚੀਨੀ ਤੇ ਲੁਰਖੀ ਗੁਰ ਜੀ ! ਬੱਧੀਆਂ ਤਬੇਲੇ,
ਗੱਡੇ ਦੀ ਕੀਤੀ ਅਸਵਾਰੀ । ਜੀ ਰਘੁਪਤਿ ! ਧੀਰ ਧਲੇ..
ਚੀਨਾਂ ਤੇ ਖਾਵਾਂ ਗੁਰ ਜੀ ! ਪਈਆਂ ਸੰਦੂਕੇ,
ਖਰਦੀ ਪਹਿਨ ਲਈ ਖਾਕੀ । ਜੀ ਰਘੁਪਤਿ ! ਧੀਰ ਧਲੇ.."

ਫੋਰਸਾਇਥ ਦੇ ਲਿਖਣ ਮੁਤਾਬਿਕ ਉਸ ਦੇ ਪਾਸ ਸ੍ਰੀ ਸਤਿਗੁਰੂ ਜੀ 18 ਜਨਵਰੀ ਦੀ ਅੱਧੀ ਰਾਤ ਬਾਅਦ ਇਕ ਵਜੇ ਤੜਕੇ ਪਹੁੰਚ ਗਏ ਜਿੱਥੇ ਸਿੱਘਾਂ ਨੂੰ ਬਾਹਰ ਬੈਠਾ ਕੇ ਉਸ ਦੋ ਘੰਟੇ ਦੇ ਕਰੀਬ ਲੰਮੀ ਪੁੱਛ-ਗਿੱਛ ਆਪ ਨਾਲ ਕੀਤੀ। ਕਮਿਸ਼ਨਰ ਦੇ ਸੁਆਲਾਂ ਦੇ ਜੁਆਬ ਆਪਨੇ ਬੜੀ ਬੇਬਾਕੀ ਨਾਲ ਦਿੱਤੇ। ਸੁਬਹਾ 4 ਵਜੇ ਦੀ ਰੇਲ ਤੇ ਸਤਿਗੁਰੂ ਜੀ ਅਤੇ ਦੋਹਾਂ ਸੂਬਿਆਂ ਤੇ ਸੇਵਕ ਨੂੰ ਚੜ੍ਹਾ ਕੇ ਅਲਾਹਬਾਦ ਨੂੰ ਤੋਰ ਦਿੱਤਾ। ਗੱਡਾ ਵਾਪਸ ਡੇਰੇ ਨੂੰ ਮੋੜ ਦਿੱਤਾ। ਇਸ ਤੋਂ ਬਾਅਦ ਫੋਰਸਾਇਥ ਪੰਜਾਬ ਸਰਕਾਰ ਨੂੰ ਇਕ ਪੱਤਰ ਲਿਖਣ ਬੈਠਦਾ ਹੈ "ਜੇ ਸਾਰੇ ਪੰਜਾਬ ਦੇ ਅਮਨ ਅਮਾਨ ਲਈ ਨਹੀਂ ਵੀ ਤਾਂ ਲੁਧਿਆਣੇ ਜ਼ਿਲ੍ਹੇ ਵਿਚ ਅਮਨ ਕਾਇਮ ਰੱਖਣ ਲਈ ਇਹ ਕਾਰਵਾਈ (ਸਤਿਗੁਰੂ ਜੀ ਤੇ ਸੂਬਿਆਂ ਦਾ ਦੇਸ਼ ਨਿਕਾਲਾ) ਬਹੁਤ ਹੀ ਜ਼ਰੂਰੀ ਸੀ।" ਉਹ ਅੱਗੇ ਚੱਲ ਕੇ ਉਸੇ ਖਤ ਵਿਚ ਲਿਖਦਾ ਹੈ, "ਮਲੌਦ ਤੇ ਮਲੇਰਕੋਟਲਾ ਦੀਆਂ ਘਟਨਾਵਾਂ ਵਿਚ (ਗੁਰੂ) ਰਾਮ ਸਿੰਘ ਦੀ ਸ਼ਮੂਲੀਅਤ ਦੀ ਜਾਂਚ ਅਜੇ ਕੀਤੀ ਜਾਏਗੀ। ਇਹ ਵੀ ਸਹੀ ਹੈ ਕਿ ਉਸ ਲਹਿਣਾ ਸਿੰਘ ਅਤੇ ਹੀਰਾ ਸਿੰਘ ਦੇ ਇਰਾਦਿਆਂ ਬਾਰੇ ਪੁਲੀਸ ਨੂੰ ਸੂਚਿਤ ਕੀਤਾ ਸੀ। ਪਰ ਉਹ ਖੁਦ ਮੰਨਦੇ ਹਨ ਕਿ ਉਸਦੇ ਪੈਰੋਕਾਰ ਉਸਦੇ ਨਾਮ ਅਤੇ ਉਸਦੀ ਹਾਜ਼ਰੀ ਨੂੰ ਕਤਲ ਅਤੇ ਗੜਬੜ ਕਰਨ ਵਿਚ ਵਰਤਦੇ ਹਨ। ਉਹ ਇਹ ਵੀ ਮੰਨਦੇ ਹਨ ਕਿ ਅੰਮ੍ਰਿਤਸਰ ਅਤੇ ਰਾਏਕੋਟ ਦੀਆਂ ਘਟਨਾਵਾਂ ਤੋਂ ਪਹਿਲਾਂ ਕੁਝ ਕੂਕੇ ਉਹਨਾਂ ਪਾਸੋਂ ਆਗਿਆ ਲੈਣ ਆਏ ਜੋ ਉਹਨਾਂ ਨਾ ਦਿੱਤੀ ਕਿ ਘਟਨਾਵਾਂ ਦੇ ਵਾਪਰਨ ਦਾ ਉਹਨਾਂ ਨੂੰ ਪਤਾ ਸੀ, ਪਰ ਇਸ ਦੀ ਰੀਪੋਰਟ ਸਰਕਾਰ ਨੂੰ ਕਰਨੀ ਉਹਨਾਂ ਦੀ ਕਾਨੂੰਨੀ ਜ਼ਿੰਮੇਵਾਰੀ ਸੀ, ਇਸ ਗੱਲ ਦਾ ਉਹਨਾਂ ਨੂੰ ਇਲਮ ਨਹੀਂ ਸੀ। ਇਸ ਲਈ ਐਸੇ ਆਦਮੀ ਨੂੰ ਖੁੱਲ੍ਹਾ ਛੱਡਣਾ ਖਤਰਨਾਕ ਹੋਵੇਗਾ ਅਤੇ ਉਹਨਾਂ ਨੂੰ ਅਤੇ ਸੂਬਿਆਂ ਨੂੰ ਐਸੀ ਥਾਂ ਤੇ ਰੱਖਿਆ ਜਾਵੇ ਜਿਥੋਂ ਉਹਨਾਂ ਦਾ ਪੰਜਾਬ ਵੱਲ ਮੁੜ ਫਰਾਰ ਹੋਣਾ ਵੀ ਮੁਮਕਿਨ ਨਾ ਹੋਵੇ।" [31]

ਇਸ ਗੱਲ ਤੋਂ ਡਰਦਿਆਂ ਕਿ ਖੁੱਲ੍ਹੀ ਅਦਾਲਤ ਵਿਚ ਮੁਕੱਦਮਾ ਸਿਰੇ ਨਹੀਂ ਚੜ੍ਹਨਾ, ਇਸ ਨਾਲ ਸਰਕਾਰ ਦੀ ਹੇਠੀ ਹੋਵੇਗੀ, 1818 ਦੇ ਬੰਗਾਲ ਰੈਗੂਲੇਸ਼ਨ 3 ਤਹਿਤ ਸਤਿਗੁਰੂ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਨਜ਼ਰਬੰਦ ਰੱਖਣ ਦਾ ਫੈਸਲਾ ਹੋਇਆ। ਕਾਇਮ-ਮੁਕਾਮ ਕਮਿਸ਼ਨਰ ਮੈਕਨਬ ਨੇ ਅਲਾਹਾਬਾਦ ਕਿਲੇ ਵਿਖੇ ਕੈਦ ਸੂਬਿਆਂ ਦੇ ਬਿਆਨ ਲੈ ਕੇ ਉਹਨਾਂ ਬਾਰੇ ਸਜ਼ਾਵਾਂ ਦੀ ਤਜਵੀਜ਼ ਇਉਂ ਕੀਤੀ -ਸਾਹਿਬ ਸਿੰਘ, ਲੱਖਾ ਸਿੰਘ, ਕਾਹਨ ਸਿੰਘ ਅਤੇ ਜਵਾਹਰ ਸਿੰਘ ਨੂੰ ਤਾਂ ਉਮਰ ਕੈਦ



Namdhari Elibrary NamdhariElibrary@gmail.com

ਰੱਖਿਆ ਜਾਵੇ। ਬ੍ਰਹਮਾ ਸਿੰਘ ਅਤੇ ਪਹਾੜਾ ਸਿੰਘ ਨੂੰ ਦਸ ਦਸ ਸਾਲਾਂ ਲਈ, ਮਾਨ ਸਿੰਘ ਨੂੰ 3 ਸਾਲ, ਰੂੜ ਸਿੰਘ ਅਤੇ ਮਲੂਕ ਸਿੰਘ ਦੋਹਾਂ ਨੂੰ ਦੋ ਦੋ ਸਾਲ ਅਤੇ ਹੁਕਮਾ ਸਿੰਘ ਨੂੰ 1 ਸਾਲ ਲਈ ਕੈਦ ਰੱਖਿਆ ਜਾਵੇ। ਮੰਗਲ ਸਿੰਘ ਬਿਸ਼ਨਪੁਰੀਆ ਕਿਉਂਕਿ ਕੂਕਾਪਣਾ ਛੱਡ ਚੁੱਕਾ ਹੈ ਉਸ ਨੂੰ ਰਿਹਾਅ ਕਰ ਦਿੱਤਾ ਜਾਵੇ। ਪ੍ਰੰਤੂ ਪੰਜਾਬ ਅਤੇ ਭਾਰਤ ਸਰਕਾਰ ਨੇ ਮੈਕਨਬ ਦੀਆਂ ਸਿਫਾਰਸ਼ਾਂ ਤੋਂ ਅੱਗੇ ਜਾਂਦਿਆਂ ਸਾਰੇ ਸੂਬਿਆਂ ਨੂੰ ਸਮੇਤ ਮੰਗਲ ਸਿੰਘ ਅਨਿਸ਼ਚਿਤ ਸਮੇਂ ਲਈ ਕੈਦ ਵਿਚ ਰੱਖਣ ਦਾ ਫੈਸਲਾ ਕੀਤਾ।"[38]

ਪੰਜਾਬ ਸਰਕਾਰ ਸਮਝਦੀ ਸੀ ਕਿ ਸਥਾਨਕ ਲੋਕਾਂ ਦੀਆਂ ਭਾਵਨਾਵਾਂ ਮੁਤਾਬਿਕ ਹੀ ਕੂਕਾ ਕੈਦੀਆਂ ਦੀ ਤਕਦੀਰ ਦਾ ਫੈਸਲਾ ਕੀਤਾ ਜਾਏਗਾ। ਕੇਂਦਰ ਸਰਕਾਰ ਨੂੰ ਵੀ ਪੰਜਾਬ ਸਰਕਾਰ ਦੀ ਇਹ ਰਾਏ ਮੰਨਣ ਵਿਚ ਹੀ ਸਿਆਣਪ ਜਾਪੀ ਕਿ ਖੁੱਲ੍ਹੀਆਂ ਅਦਾਲਤਾਂ ਵਿਚ ਮੁਕੱਦਮਾ ਚਲਾਉਣ ਨਾਲ ਲੋਕ ਹਮਦਰਦੀ ਮਿਲਣ ਸਦਕਾ ਕੂਕਾਵਾਦ ਨੂੰ ਲਾਭ ਪਹੁੰਚੇਗਾ। ਸਤਿਗੁਰੂ ਜੀ ਨੂੰ ਮਾਰਚ ਵਿਚ ਅਲਾਹਾਬਾਦ ਤੋਂ ਰੰਗੂਨ ਅਤੇ ਫਿਰ ਮਰਗੋਈ ਭੇਜ ਦਿੱਤਾ ਗਿਆ ਸੀ। ਸੂਬਾ ਕਾਹਨ ਸਿੰਘ ਅਤੇ ਸਾਹਿਬ ਸਿੰਘ ਨੂੰ ਪਹਿਲੋਂ ਅਦਨ ਅਤੇ ਫਿਰ ਹਜ਼ਾਰੀਬਾਗ਼ ਜਿਹਲ ਵਿਚ, ਮਾਨ ਸਿੰਘ ਅਤੇ ਹੁਕਮਾ ਸਿੰਘ ਨੂੰ ਚੁਨਾਰ ਕਿਲੇ ਵਿਚ, ਪਹਾੜਾ ਸਿੰਘ ਮਲੂਕ ਸਿੰਘ ਅਤੇ ਰੂੜ ਸਿੰਘ ਨੂੰ ਅਸੀਰਗੜ੍ਹ ਬੰਬਈ ਪ੍ਰੈਜੀਡੈਂਸੀ ਵਿਖੇ, ਅਤੇ ਸੂਬਾ ਜਵਾਹਰ ਸਿੰਘ, ਬ੍ਰਹਮਾ ਸਿੰਘ ਅਤੇ ਲੱਖਾ ਸਿੰਘ ਨੂੰ ਬ੍ਰਿਟਿਸ਼ ਲੋਅਰ ਬਰ੍ਹਮਾ ਦੇ ਮੋਲਮੀਨ ਵਿਖੇ ਨਜ਼ਰਬੰਦ ਕਰ ਦਿੱਤਾ ਗਿਆ।

ਰਾਤ ਸਾਹਨੇਵਾਲ ਥਾਣੇ ਠਹਿਰ ਕੇ 18 ਜਨਵਰੀ ਦੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸ਼ੀ ਆਈ ਜੀ ਚਲੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ 25 ਫੌਜੀ ਸੁਆਰਾਂ ਅਤੇ ਪੁਲੀਸ ਬਲ ਸਮੇਤ ਪੁਜ ਗਿਆ। ਬਰਤਾਨਵੀ ਬਸਤੀਵਾਦੀਆਂ ਦਾ ਗੁੱਸਾ ਹੁਣ ਬਾਗੀਆਂ ਦੀ ਬਸਤੀ ਤੇ ਨਜ਼ਲ ਹੋਣ ਲੱਗਾ। ਗੁਰਦੁਆਰੇ ਦੇ ਚੁਫੇਰੇ ਘੇਰਾ ਘੱਤ ਲਿਆ ਗਿਆ ਅਤੇ 190 ਹਾਜ਼ਰ ਵਿਅਕਤੀਆਂ ਨੂੰ ਪਿੰਡੋਂ ਬਾਹਰ ਲੈ ਜਾ ਕੇ ਬਿਠਾ ਦਿੱਤਾ। ਡੇਰੇ ਦੀ ਸਖ਼ਤ ਤਲਾਸ਼ੀ ਲਈ ਗਈ। ਜਿਸ ਵਿਚ 36 ਸਫਾਜੰਗ ਜਾਂ ਟਕੂਏ, 6 ਗੰਡਾਸੇ, 2 ਖੁੱਖਰੀਆਂ (ਨੇਪਾਲ ਤੋਂ ਆਈ ਭੇਟਾ), ਕੁਝ ਡਾਂਗਾਂ ਸੋਟੇ, ਕੁਝ ਕਾਗਜ਼ (ਵਿਸ਼ੇਸ਼ ਨਹੀਂ), 1500 ਰੁਪਏ ਨਕਦ, ਸੋਨੇ ਚਾਂਦੀ ਦੇ ਗਹਿਣੇ, ਕੁਝ ਕੀਮਤੀ ਸ਼ਾਹੀ ਬਸਤਰ ਇਹ ਸਭ ਜ਼ਬਤ ਕਰਕੇ ਲੁਧਿਆਣੇ ਮਾਲਖਾਨੇ ਪੁਜਾ ਦਿੱਤੇ। ਸਤਿਗੁਰੂ ਜੀ ਦੇ ਰੋਜ਼ਾਨਾ ਵਰਤੋਂ ਦੇ ਬਸਤਰ ਲੁਧਿਆਣੇ ਸਦਰ ਦਫਤਰ ਵਿਚ ਭੇਜ ਦਿੱਤੇ ਗਏ।

190 ਵਿਅਕਤੀਆਂ ਵਿਚੋਂ 19 ਨੂੰ ਬੇਲੀ ਨੇ ਵਾਪਸ ਮੁੜਨ ਲਈ ਡੇਰੇ ਵਿਚ ਭੇਜ ਦਿੱਤਾ ਇਹ ਸਨ ਬਾਬਾ ਜੱਸਾ ਸਿੰਘ, ਮਹਾਰਾਜ ਬੁੱਧ ਸਿੰਘ, ਬੀਬੀ ਨੰਦਾ ਅਤੇ ਉਸਦੇ 3 ਬੱਚੇ, ਹੱਟੀ ਦਾ ਮੈਨੇਜਰ ਵਰਿਆਮ ਸਿੰਘ ਅਤੇ ਇਕ ਹੋਰ ਨਿਜੀ ਸੇਵਕ ਮੱਖਣ ਸਿੰਘ ਅਤੇ 11 ਹੋਰ ਸਿੰਘ ਡੇਰੇ ਦੇ



Namdhari Elibrary NamdhariElibrary@gmail.com

82 ਪਸ਼ੂਆਂ ਦੀ ਦੇਖਭਾਲ ਲਈ ਛੱਡੇ। ਗੁਰਦੁਆਰੇ ਦੇ ਲੰਗਰ ਅਤ ਹੋਰ ਸਾਜ਼-ਸਮਾਨ ਦੀ ਪੁਲਸੀ ਅਤੇ ਫੌਜੀ ਧਾੜ ਦੁਆਰਾ ਲੁੱਟ ਖਸੁੱਟ ਕਰਨ ਬਾਅਦ ਇਸਨੂੰ ਜਿੰਦਰੇ ਮਾਰ ਦਿੱਤੇ ਗਏ। ਬਾਕੀ 171 ਸਿੰਘਾਂ ਨੂੰ ਭੁੱਖਣ ਭਾਣਿਆਂ ਨੂੰ ਫੌਜੀ ਪਹਿਰੇ ਹੇਠ ਲੁਧਿਆਣੇ ਨੂੰ ਤੋਰਿਆ ਗਿਆ ਜਿਹਨਾਂ ਵਿਚ ਬੱਚੇ, ਬੁੱਢੇ ਤੇ ਬੀਬੀਆਂ ਵੀ ਸ਼ਾਮਲ ਸਨ। ਇਕ ਸਤਿਗੁਰੂ ਜੀ ਦਾ ਵਿਛੋੜਾ ਉੱਤੋਂ 12 ਕੋਹ ਦਾ ਇਹ ਕਹਿਰ ਦਾ ਸਫਰ। ਸਭਦੀ ਹੱਡਾਂ ਨੂੰ ਖਾਂਦੀ ਸੀ। ਕਿਆਮਤ ਦੀ ਘੜੀ ਖਵਰੇ ਕਿਹੋ ਜੇਹੀ ਹੋਵਗੀ, ਪਰ ਕੂਕਿਆਂ ਲਈ ਜੇ ਕੋਈ ਕਿਆਮਤ ਸੀ ਤਾਂ ਇਹ 17 18 ਜਨਵਰੀ 1872 ਦੇ ਦੋ ਖੂਨੀ ਦਿਨ ਸਨ ਜਦੋਂ ਉਹਨਾਂ ਨੂੰ ਦੋਵੇਂ ਦਿਨ ਤੋਪਾਂ ਨਾਲ ਉਡਾ ਕੇ ਟੂੰਬਾ-ਟੂੰਬਾ ਕਰ ਦਿੱਤਾ ਗਿਆ ਜਦੋਂ ਉਹਨਾਂ ਦੀਆਂ ਅੱਖੀਆਂ ਦੇ ਤਾਰੇ ਸਤਿਗੁਰੂ ਜੀ ਨੂੰ ਅੱਧੀ ਰਾਤੇ ਗੱਡੇ ਤੇ ਬੈਠਣਾ ਪਿਆ ਸੀ ਜਦੋਂ ਉਹਨਾਂ ਦੇ ਗੁਰ-ਧਾਮ, ਗੁਰੂ ਕੇ ਲੰਗਰ ਵਿਚ, ਤੰਬਾਕੂ ਨੋਸ਼ ਬੂਟਾਂ ਸਣੇ ਦਗੜ ਦਗੜ ਕਰਦੇ ਫਿਰਦੇ ਸਨ। ਜਦੋਂ ਪਰਮੁੱਖ ਸੂਬਿਆਂ ਨੂੰ ਵੀ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ। ਜਦੋਂ ਉਹਨਾਂ ਦੇ ਗੁਰਦੁਆਰੇ ਦੇ ਬੂਹੇ ਅੱਗੇ ਇਕ ਸਬ ਇੰਸਪੈਕਟਰ ਅਤੇ 20 ਸਿਪਾਹੀਆਂ ਦੀ ਧਾੜ ਬਹਾ ਕੇ, ਅੱਧੀ ਸਦੀ ਤੋਂ ਵਧ ਸਮੇਂ ਲਈ ਪੱਕੀ ਚੌਂਕੀ ਬੈਠਾ ਦਿੱਤੀ ਗਈ ਸੀ ਕਿ ਬਿਨਾਂ ਪੁੱਛਿਆਂ ਅਤੇ ਇਜਾਜ਼ਤ ਦ ਨਾ ਅੰਦਰ ਜਾ ਸੱਕਣ, ਨਾ ਬਾਹਰ ਆ ਸੱਕਣ। ਗੁਰੂ-ਭਗਤਾਂ ਅਤੇ ਪੰਥ ਦੇ ਨਵੇਂ ਵਾਲੀ ਗੁਰੂ ਹਰੀ ਸਿੰਘ (ਪਹਿਲਾ ਨਾਮ 'ਬੁੱਧ ਸਿੰਘ') ਆਪਣੇ ਹੀ ਘਰ ਵਿੱਚ ਤਾ-ਉਮਰ ਕੈਦੀ ਰਹੇ। ਉਪਰੋਕਤ ਸਿੰਘਾਂ ਵਿਚੋਂ 122 ਨੂੰ ਤਾੜਨਾ ਕਰਕੇ ਘਰੋ ਘਰੀ ਭੇਜ ਦਿੱਤਾ ਕਿ ਜੇ ਵਾਪਿਸ ਭੈਣੀ ਸਾਹਿਬ ਆਏ, ਸੀਧਾ ਪਿੰਡ ਕਰ ਦਿੱਤੇ ਜਾਉਗੇ। 30 ਸਿੰਘ ਉਹ ਸਨ ਜਿਹੜੇ ਕਹਿ ਰਹੇ ਸਨ-''ਹੋਰਾਂ ਵੱਲੋਂ ਚਿਤ ਚਾਹਿ ਖਲੋਤਾ ਇਕ ਸਾਬ ਸਾਈ ਨਾਲ ਕੀਤਾ'', ਉਹਨਾਂ ਦਾ ਸਭ ਕੁਝ ਭੈਣੀ ਸਾਹਿਬ ਹੀ ਸੀ। ਉਹ ਘਰਬਾਰ, ਰੋਟੀ-ਟਾਂਡਾ ਵਾਂਗ ਬੇਠ ਬਿਹੰਗਮ ਸਨ। ਉਹਨਾਂ ਤੋਂ ਅੰਗਰੇਜ਼ ਸਭ ਤੋਂ ਵਧ ਡਰਦਾ ਸੀ। ਉਹ ਆਪਣ ਗੁਰੂ ਦੇ ਨਾਂ ਤੇ ਕੁਝ ਵੀ ਕਰਨ ਲਈ ਤਿਆਰ ਸਨ ਇਸੇ ਲਈ ਕੂਕੇ ਪੰਥ ਦੇ ਇਸ ਸਭ ਤੋਂ ਖਤਰਨਾਕ ਟੋਲੇ ਦੀਆਂ ਫੌਰਸਿੰਥ ਨੇ ਜ਼ਮਾਨਤਾਂ ਮੰਗ ਲਈਆਂ ਅਤੇ ਜ਼ਮਾਨਤਾਂ ਨਾ ਮਿਲਣ ਦੀ ਸੂਰਤ ਵਿਚ ਦੋ ਵਰ੍ਹੇ ਲਈ ਜਿਹਲ ਭੇਜ ਦਿੱਤੇ।

ਬੇਸ਼ਕ ਕਾਵਨ ਅਤੇ ਫੋਰਸਿਥ ਨੂੰ ਸਜ਼ਾਵਾਂ ਦਿੱਤੀਆਂ ਪਰ ਜਿਹੜ ਉਹਨਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ ਉਹਨਾਂ ਲਈ ਹਮਦਰਦੀ ਦੇ ਦੋ ਬੋਲ ਵੀ ਸਰਕਾਰ ਤੋਂ ਨਹੀਂ ਸਰੇ. ਸਗੋਂ ਆਪਣੇ ਝੋਲੀ ਚੁੱਕਾਂ, ਧਾਰਮਿਕ ਸਮਾਜਿਕ ਵਿਅਕਤੀਆਂ ਕੂਕਿਆਂ ਦੇ ਖਿਲਾਫ ਝੂਠ-ਤੂਫਾਨ ਬਲਵਾ ਕੇ ਕਾਗਜ਼ਾਂ ਦੇ ਪੁਲੰਦੇ ਇਕੱਠੇ ਕੀਤੇ। ਕੂਕਿਆਂ ਨੂੰ ਨਾ ਸਿਰਫ ਡਰਾਇਆ ਤਰਾਹਿਆ ਗਿਆ ਸਗੋਂ ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰ ਕੇ ਮਨੁੱਖੀ ਸਮਾਜ ਲਈ ਘੋਰ ਸਰਾਪ ਗਰੀਬੀ ਦੇ ਕੁੰਡੀ ਨਰਕ ਵਿਚ ਵੀ ਉਹਨਾਂ ਨੂੰ ਸੁੱਟ ਦਿੱਤਾ ਗਿਆ। ਜਿਸ ਵਿਚੋਂ ਬਾਹਰ ਨਿਕਲਣ ਲਈ ਉਹਨਾਂ ਦੇ ਕਈ ਪਰਿਵਾਰ ਅੱਜ ਵੀ ਫਟ ਪਟਾ ਰਹੇ ਹਨ। ਭਾਵੇਂ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ



Namdhari Elibrary NamdhariElibrary@gmail.com

ਸਿੰਘ ਦੀ ਕਿਰਪਾ ਨਾਲ ਬਹੁਤ ਸਾਰਿਆਂ ਦੀ ਕਾਇਆ ਕਲਪ ਹੋ ਗਈ ਹੈ।

ਇਤਿਹਾਸਕਾਰ ਫੌਜਾ ਸਿੰਘ ਬਾਜਵਾ ਕੂਕੇ ਸ਼ਹੀਦਾਂ ਦੀ ਸੂਰਮਗਤੀ ਦਾ ਇਉਂ ਉਚ ਮੁਲਾਂਕਣ ਕਰਦਾ ਹੈ "ਇਹ ਗੱਲ ਚੰਗੀ ਤਰ੍ਹਾਂ ਜਾਣਦਿਆਂ ਹੋਇਆਂ ਕਿ ਉਹਨਾਂ ਦੇ ਇਰਾਦਿਆਂ ਦੀ ਸਰਕਾਰ ਨੂੰ ਪੂਰੀ ਜਾਣਕਾਰੀ ਹੈ, ਉਹਨਾਂ ਸੂਰਮਿਆਂ ਵਾਂਗ ਹਮਲਾ ਕੀਤਾ, ਉਹ ਸੂਰਮਿਆਂ ਵਾਂਗ ਲੜੇ, ਉਹਨਾਂ ਆਤਮ ਸਮਰਪਣ ਵੀ ਸੂਰਮਿਆਂ ਵਾਂਗ ਕੀਤਾ, ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਉਹ ਸੂਰਮਿਆਂ ਵਾਂਗੂ ਹੀ ਅੰਤਿਮ ਫਤੇਹ ਗਜਾ ਗਏ।" "

ਪ੍ਰਸਿੱਧ ਕਵੀ, ਪੰਜਾਬੀ ਵਾਰਾਂ ਦੇ ਬਾਦਸ਼ਾਹ, ਹਰਸਾ ਸਿੰਘ ਚਾਤਰ ਦੀਆਂ ਇਹਨਾਂ ਸਤਰਾਂ ਨਾਲ ਅਸੀਂ ਨਾਮਧਾਰੀ ਇਤਿਹਾਸ ਦੇ ਇਹਨਾ ਖੂਨੀ ਪੱਤਰਿਆਂ ਨੂੰ ਸਮੇਟਦੇ ਹਾਂ

"ਇਉਂ ਰਖ ਵਖਾਈ ਕੂਕਿਆਂ ਖੁੱਲ ਅਕਲਮ ਜਾਣੇ।
ਸਭ ਤੋਪਾਂ ਹਿੱਕੀ ਝੱਲੀਆਂ, ਸਤਿਗੁਰ ਦੇ ਭਾਣੇ।
ਹੈ ਆਣ ਪਿਆਰੀ ਸੰਜੋਗਤਾ, ਜਿੰਹਦੇ ਗਹੇ ਗਾਣੇ।
ਉਨ੍ਹਾਂ ਅਣਖ ਪੁਗਾਈ ਆਖਰੀ, ਕਰ ਜ਼ਾਲਮ ਕਾਣੇ।
ਜੋ ਸੀਸ ਤਲੀ ਤੇ ਰੱਖਦੇ, ਜੱਗ ਪਾਪ ਮਿਟਾਦੇ।
ਇਹ 'ਚਾਤਰ' ਸਾਕੇ ਉਨ੍ਹਾਂ ਦੇ ਨਾ ਹੋਣ ਪੁਰਾਣੇ।"

- ਸ: ਸੁਵਰਨ ਸਿੰਘ ਵਿਰਕ
ਪਿੰਡ ਤੇ ਡਾਕ-ਚਰੀਂਵਾਲਾ (ਸਿਰਸਾ) 12007੫
ਫੋਨ-01698-274562, 15 12.2007



Namdhari Elibrary NamdhariElibrary@gmail.com

## ਫੁੱਟ ਨੋਟ :-

1. ਜੋਗ ਪਰਵਾਣੂ ਸਤਿਗੁਰੂ-ਦਿੱਲੀ-1947 ਸਫਾ 3-4
2. ਨਾਮਧਾਰੀ ਇਤਿਹਾਸ-ਨਵੀਂ ਦਿੱਲੀ-1957-ਈ ਸਫਾ 134-136
3. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ- ਸੰਪਾਦਿਤ ਨਾਹਰ ਸਿੰਘ ਕ੍ਰਿਪਾਲ ਸਿੰਘ-ਦਿੱਲੀ 1989 ਸਫਾ 156
4. ਨਾਮਧਾਰੀ ਇਤਿਹਾਸ-277-78
5. ਉਪਰੋਕਤ-ਸਫਾ 335
6. ਉਪਰੋਕਤ-ਸਫਾ 334
7. ਉਪਰੋਕਤ-ਸਫਾ 343-44
8. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸਫਾ 146-150
9. ਨਾਮਧਾਰੀ ਇਤਿਹਾਸ-ਸਫਾ 363
10. ਸਤਿਗੁਰੂ ਬਿਲਾਸ ਭਾਗ ਪਹਿਲਾ-ਭਾਈ ਸੰਤੋਖ ਸਿੰਘ ਬਾਹੋਵਾਲ (ਸੰਪਾਦਕ ਜਸਵਿੰਦਰ ਸਿੰਘ ) 2002 ਈ -ਸ੍ਰੀ ਭੈਣੀ ਸਾਹਿਬ ਸਫਾ 350-51
11. ਉਪਰੋਕਤ-ਸਫਾ 373-75
12. ਉਪਰੋਕਤ ਸਫਾ -396
13. ਉਪਰੋਕਤ ਸਫਾ-452
14. ਉਪਰੋਕਤ ਸਫਾ 456
15. ਉਪਰੋਕਤ -ਸਫਾ-459
16. ਉਪਰੋਕਤ ਸਫਾ-460
17. ਸਾਕਾ ਮਲੇਰਕੋਟਲਾ-ਭਾਈ ਨਿਰੰਜਨ ਸਿੰਘ ਮਿਸਰੋਧ (ਲਿ: ਸੁਖਜਨ ਸਿੰਘ ਸਲੌਦੀ)-ਅੰਮ੍ਰਿਤਸਰ ਪ੍ਰਕਾਸ਼ (ਸਿਰਸਾ)- 2005 ਈ ਸਫਾ 78
18. ਕੂਕਾ ਮੂਵਮੈਂਟ-ਫੌਜਾ ਸਿੰਘ ਬਾਜਵਾ-1965-ਈ ਦਿੱਲੀ ਸਫਾ 88-89
19. ਉਪਰੋਕਤ-ਸਫਾ-90-91



Namdhari Elibrary NamdhariElibrary@gmail.com

20 ਸਤਿਗੁਰੂ ਬਿਲਾਸ ਭਾਗ ਪਹਿਲਾ-ਸਫਾ 465

21 ਨਾਮਧਾਰੀ ਇਤਿਹਾਸ ਸਫਾ-367-368

22 ਉਪਦੇਸ਼ਕ-ਸਫਾ 405

23 ਕੂਕਾ ਮੂਵਮੈਂਟ-ਸਫਾ 101

24 ਨਾਮਧਾਰੀ ਇਤਿਹਾਸ- ਸਫਾ 427-429

25 ਸੰਤ ਖਾਲਸਾ-ਸ੍ਰੀ ਭੈਣੀ ਸਾਹਿਬ 1935 ਈ. ਸਫਾ 39

26 [illegible] ਦਾ [illegible]-ਸਫਾ-232

27 ਉਪਦੇਸ਼ਕ -ਸਫਾ 195

28 ਨਾਮਧਾਰੀ ਇਤਿਹਾਸ-ਸਫਾ 430-31

29 ਸਤਿਗੁਰੂ ਬਿਲਾਸ ਭਾਗ ਪਹਿਲਾ -ਸਫਾ 473

30 ਨਾਮਧਾਰੀ ਇਤਿਹਾਸ-ਸਫਾ 454-58

31 ਕੂਕਾ ਮੂਵਮੈਂਟ-ਸਫਾ 114-115

32 ਉਪਦੇਸ਼ਕ-ਸਫਾ-177

33 ਉਪਦੇਸ਼ਕ-ਸਫਾ 126



Namdhari Elibrary NamdhariElibrary@gma com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉੱਤੇ ਸਰਧਾ

[illegible]

[illegible]

[illegible]

[illegible]

[illegible]

[illegible]

Namdhari Elibrary NamdhariElibrary@gmail.com

*Simla*

*Dt. 17 June 1872*

*From T. D. Forsyth Esqr., C.B.,*
*Comm. and Supdt. Ambala Division*

[redacted]

*The Offg. Secretary to Government Punjab.*

*'———————— those who are acquainted with the Punjab know that in case of state offences, or in any case, it is much more in accordance with the feeling of the proud Sikhs that they should meet death at the **cannon's mouth than receive it from the hangman's hands**, and earnest requests to this effect are frequently made to our officers at the time of passing sentence'*

ਸਿਮਲਾ

17 ਜੂਨ 1872

ਟੀ. ਡੀ. ਫੋਰਸਾਈਥ, ਕਮਿਸ਼ਨਰ ਅਤੇ ਸੁਪਰਿਨਟੈਂਡੈਂਟ ਅੰਬਾਲਾ ਡਵੀਜ਼ਨ ਵਲੋਂ ਸਕੱਤਰ ਪੰਜਾਬ ਸਰਕਾਰ ਨੂੰ ਲਿਖਿਆ ਪੱਤਰ :-

" ---------- ਜਿਨ੍ਹਾਂ ਨੂੰ ਪੰਜਾਬ ਬਾਰੇ ਜਾਣਕਾਰੀ ਹੈ ਉਹ ਜਾਣਦੇ ਹਨ ਕਿ ਬਾਗੀਆਨਾ ਕਾਰਵਾਈਆਂ ਜਾਂ ਦੂਸਰੇ ਅਪਰਾਧਾਂ ਵਿਚ, ਇਹ ਗੱਲ ਬਹਾਦਰ ਸਿੱਖਾਂ ਦੇ ਜਜ਼ਬਾਤਾਂ ਦੇ ਅਨਕੂਲ ਹੈ ਕਿ ਉਹ ਮੌਤ ਨੂੰ ਜਲਾਦ ਦੀ ਫਾਹੀ ਨਾਲ ਨਹੀਂ ਸਗੋਂ ਤੋਪ ਦੇ ਮੂੰਹ ਅੱਗੇ ਖੜੋ ਕੇ ਪ੍ਰਨਾਉਣ ਅਤੇ ਅਜਿਹਾ ਹੀ ਕਰਨ ਲਈ ਉਨ੍ਹਾਂ (ਦੁਖੀਆਂ) ਬਾਰ - ਬਾਰ ਉਨ੍ਹਾਂ ਅਫਸਰਾਂ ਨੂੰ ਕਿਹਾ ਜਿਨ੍ਹਾਂ ਉਨ੍ਹਾਂ ਲਈ ਮੌਤ ਦੀ ਸਜ਼ਾ ਤਜਵੀਜ਼ ਕੀਤੀ ਸੀ।"

(स्वामी सत्यभक्ति का एक ऐतिहासिक पत्र)




Namdhari Elibrary NamdhariElibrary@gmail.com

HISTORICAL SOURCE ISSUE
2002

# WARRANT OF GURU RAM SINGH



No. 45

To

THE CHIEF COMMISSIONER OF BRITISH BURMAH.

Whereas the Governor General in Council, for good and sufficient reasons, has seen fit to determine that Ram Singh

shall be placed under personal restraint in British Burmah, you are hereby required and commanded, in pursuance of that determination, to receive the person abovenamed into your custody, and to deal with him in conformity to the orders of the Governor General in Council, and the provisions of Regulation III. of 1818.

By Order of the Governor General in Council,

[signature]

*Secy. to the Govt. of India, in the Home Dept.*

Fort William;
The 9th April 1872.

Namdhari Elibrary NamdhariElibrary@gmail.com



ਕਲਕੱਤੇ ਤੋਂ ਰਵਾਨਗੀ (ਮਾਰਚ 1872)



ਰੰਗੂਨ ਬੰਗਲੇ ਵਿਚ (1881 ਈ:)

Namdhari Elibrary NamdhariElibrary@gmail.com



ਨਾਮਧਾਰੀ ਸ਼ਹੀਦੀ ਸਮਾਰਕ (ਮਲੇਰ ਕੋਟਲਾ) ਪੰਜਾਬ

Namdhari Elibrary NamdhariElibrary@gmail.com